# ਨਗਰ ਨਿਗਮ ਜਲੰਧਰ

## ਨਗਰ ਨਿਗਮ ਹਾਊਸ ਦੀ ਮੀਟਿੰਗ
## ਮਿਤੀ **19-2-2021**
## ਦੀ ਕਾਰਵਾਈ
## (ਮਤਾ ਨੰ: **30-31**)

## ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 19.2.2021 ਨੂੰ ਹੋਈ ਦੀ ਕਾਰਵਾਈ ।

ਮਿਤੀ 19.2.2021 ਨੂੰ ਨਗਰ ਨਿਗਮ ਹਾਊਸ ਦੀ ਜਨਰਲ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ "ਰੈਡ ਕਰਾਸ ਭਵਨ", ਜਲੰਧਰ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 2 | ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 4. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 5. | 7 | ਸ੍ਰੀਮਤੀ ਨੀਲਮ, ਕੌਂਸਲਰ |
| 6. | 9 | ਸ੍ਰੀਮਤੀ ਮਨਦੀਪ ਕੌਰ, ਕੌਂਸਲਰ |
| 7. | 10 | ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 8. | 11 | ਸ੍ਰੀਮਤੀ ਪ੍ਰਵੀਨਾ, ਕੌਂਸਲਰ |
| 9. | 12 | ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ |
| 10. | 13 | ਸ੍ਰੀਮਤੀ ਬਿਮਲਾ ਰਾਣੀ, ਕੌਂਸਲਰ |
| 11. | 16 | ਸ਼੍ਰੀ ਮਨਮੋਹਣ ਸਿੰਘ, ਕੌਂਸਲਰ |
| 12. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 13. | 18 | ਸ਼੍ਰੀ ਬਲਜੀਤ ਸਿੰਘ ਥਿੰਦ, ਕੌਂਸਲਰ |
| 14. | 20 | ਸ੍ਰੀਮਤੀ ਜ਼ਸਲੀਨ ਸੇਠੀ, ਕੌਂਸਲਰ |
| 15. | 21 | ਸ੍ਰੀਮਤੀ ਮਨਜੀਤ ਕੌਰ, ਕੌਂਸਲਰ |
| 16. | 22 | ਸ਼੍ਰੀ ਪ੍ਰਭਦਿਆਲ, ਕੌਂਸਲਰ |
| 17. | 23 | ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ |
| 18. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 19. | 25 | ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ |
| 20. | 26 | ਸ਼੍ਰੀ ਰੋਹਨ ਸਹਿਗਲ, ਕੌਂਸਲਰ |
| 21. | 27 | ਸ਼੍ਰੀਮਤੀ ਅਰੁਣਾ ਅਰੋੜਾ, ਕੌਂਸਲਰ |
| 22. | 28 | ਸ਼੍ਰੀ ਬਲਰਾਜ ਠਾਕੁਰ, ਕੌਂਸਲਰ |
| 23. | 29 | ਸ੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 24. | 30 | ਸ਼੍ਰੀ ਪਵਨ ਕੁਮਾਰ, ਕੌਂਸਲਰ |
| 25. | 32 | ਸ਼੍ਰੀ ਸੁੱਚਾ ਸਿੰਘ, ਕੌਂਸਲਰ |
| 26. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 27. | 35 | ਸ੍ਰੀਮਤੀ ਗੀਤਾ ਰਾਣੀ, ਕੌਂਸਲਰ |
| 28. | 36 | ਸ਼੍ਰੀ ਬਚਨ ਲਾਲ, ਕੌਂਸਲਰ |
| 29. | 38 | ਸ਼੍ਰੀ ਓਮਕਾਰ ਰਜੀਵ, ਕੌਂਸਲਰ |
| 30. | 40 | ਸ਼੍ਰੀ ਵਰੇਸ਼ ਕੁਮਾਰ, ਕੌਂਸਲਰ |
| 31. | 41 | ਸ੍ਰੀਮਤੀ ਅਨੀਤਾ, ਕੌਂਸਲਰ |
| 32. | 45 | ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ |
| 33. | 46 | ਸ੍ਰੀਮਤੀ ਅਨੀਤਾ, ਕੌਂਸਲਰ |
| 34. | 47 | ਸ੍ਰੀਮਤੀ ਬਲਵਿੰਦਰ ਕੌਰ, ਕੌਂਸਲਰ |
| 35. | 49 | ਸ੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 36. | 52 | ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 37. | 54 | ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ |
| 38. | 56 | ਸ਼੍ਰੀ ਪੱਲੀ ਅੱਪਨ, ਕੌਂਸਲਰ |
| 39. | 58 | ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ |
| 40. | 59 | ਸ਼੍ਰੀਮਤੀ ਰੀਨਾ, ਕੌਂਸਲਰ |
| 41. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 42. | 62 | ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ |
| 43. | 65 | ਸ਼੍ਰੀਮਤੀ ਅੰਜਲੀ , ਕੌਂਸਲਰ |
| 44. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 45. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲ, ਕੌਂਸਲਰੂ |
| 46. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ |
| 47. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |

| | | |
|---|---|---|
| 48. | 72 | ਸ਼੍ਰੀ ਮਿੰਟੂ, ਕੌਂਸਲਰ |
| 49. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 50. | 76 | ਸ਼੍ਰੀ ਲਖਵੀਰ ਸਿੰਘ, ਕੌਂਸਲਰ |
| 51. | 77 | ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ |
| 52. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 53. | 79 | ਸ਼੍ਰੀਮਤੀ ਜ਼ਸਪਾਲ ਕੌਰ ਨਾਗਰਾ, ਕੌਂਸਲਰ |
| 54. | 80 | ਸ਼੍ਰੀ ਦੇਸ ਰਾਜ ਜੱਸਲ, ਕੌਂਸਲਰ |

ਕੁਲ ਹਾਜ਼ਰ ਮੈਂਬਰ: 54

ਸਹੀ/-
ਜਗਦੀਸ਼ ਰਾਜ ਰਾਜਾ,ਮੇਅਰ
19.2.2021

ਮੀਟਿੰਗ ਸੁਰੂ ਹੋਣ ਤੇ ਮੇਅਰ ਜੀ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਕਮਿਸ਼ਨਰ, ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆ ਤੋਂ ਆਏ ਹੋਏ ਨੁਮਾਇੰਦੀਆਂ ਨੂੰ ਜੀ ਆਇਆ ਆਖਦਾ ਹਾਂ। ਇਸ ਉਪਰੰਤ ਅਜੰਡਾ ਪੜ੍ਹਨ ਦੇ ਆਦੇਸ਼ ਦਿੱਤੇ।

ਸਹੀ/-
ਜਗਦੀਸ਼ ਰਾਜ ਰਾਜਾ,ਮੇਅਰ
19.2.2021

**ਮਤਾ ਨੰਬਰ:-** 30
ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 18.1.2021 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 18.1.2021 ਨੂੰ " ਰੈਡ ਕਰਾਸ ਭਵਨ, ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

**ਫੈਸਲਾ:**
**ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।**
**ਸਹੀ/-**
**ਜਗਦੀਸ਼ ਰਾਜ ਰਾਜਾ,ਮੇਅਰ**
19.2.2021

ਮਤਾ ਨੰਬਰ:- 31

**ਵਿਸ਼ਾ :- ਜਲੰਧਰ ਨਗਰ ਨਿਗਮ ਦੀ ਹੱਦ ਵਿੱਚ ਵਿਗਿਆਪਨ ਦੇ 59 ਬੋਰਡ ਯੂਨੀਪੋਲ ਦੇ ਲਈ ਦਿੱਤਾ ਗਏ ਠੇਕੇ ਵਿੱਚ ਹੋਈਆਂ ਧਾਂਦਲੀਆਂ, ਧੋਖਾਧੜੀਆਂ, ਨਿਯਮਾਂ ਦੀਆਂ ਉਲੰਘਣਾ ਅਤੇ ਨਿਗਮ ਨੂੰ ਹੋਏ ਵਿਤ ਨੁਕਸਾਨ ਦੇ ਕਾਰਨ ਠੇਕੇਦਾਰ ਨਾਲ ਹੋਏ ਇਕਰਾਰਨਾਮੇ ਨੂੰ ਰੱਦ ਕਰਨ ਲਈ ਫੈਸਲਾ ਲੈਣ ਬਾਰੇ ਅਤੇ ਇਸ ਨਾਲ ਸਬੰਧਤ ਜਿੰਮੇਵਾਰ ਅਫਸਰਾਂ ਤੇ ਕਾਰਵਾਈ ਕਰਨ ਤੇ ਫੈਸਲਾ ਲੈਣ ਬਾਰੇ।**

ਤਜ਼ਵੀਜ਼ ਸ੍ਰੀਮਤੀ ਨੀਰਜਾ ਜੈਨ, ਕਾਉਂਸਲਰ ਵਾਰਡ ਨੰ: 23, ਚੇਅਰਮੈਨ ਵਿਗਿਆਪਨ ਐਡਹੋਕ ਕਮੇਟੀ ਜਿਸ ਦੀ ਪੁਸ਼ਟੀ ਸ੍ਰੀ ਮਨਮੋਹਨ ਰਾਜੂ, ਕਾਉਂਸਲਰ ਵਾਰਡ ਨੰ: 16 ਨੇ ਕੀਤੀ ਹੈ ਕਿ ਨਗਰ ਨਿਗਮ ਵਲੋਂ ਸਾਲ 2015 ਵਿੱਚ ਵਿਗਿਆਪਨ/ਮਸ਼ਹੂਰੀ ਬੋਰਡ ਲਗਾਉਣ ਵਾਸਤੇ ਟੈਂਡਰ ਲਗਾਇਆ ਗਿਆ ਸੀ ਜਿਸ ਦਾ ਇਕਰਾਰਨਾਮਾ ਮਿਤੀ 20 ਮਾਰਚ 2017 ਨੂੰ M/s ਕ੍ਰਿਏਟਿਵ ਡਿਜ਼ਾਇਨਰਜ਼ ਜਲੰਧਰ ਨਾਲ ਕੀਤਾ ਗਿਆ ਸੀ । ਇਥੇ ਖਾਸਤੌਰ ਤੇ ਧਿਆਨ ਯੋਗ ਗੱਲ ਇਹ ਹੈ ਕਿ ਟੈਂਡਰ ਮੰਜੂਰ ਹੋਣ ਉਪਰੰਤ ਠੇਕੇਦਾਰ ਨੇ ਟੈਂਡਰ ਦੀਆਂ ਸ਼ਰਤਾਂ ਨੂੰ ਕੱਟ-ਵੱਡ ਕਰਕੇ ਐਗਰੀਮੈਂਟ ਦਫ਼ਤਰ ਦੀ ਮਿਲੀਭੁਗਤ ਨਾਲ ਠੇਕੇਦਾਰ ਵੱਲੋਂ ਜਿਵੇਂ ਬਣਾਇਆ ਸੀ ਓਵੇਂ ਹੀ ਮੰਜੂਰ ਕਰਵਾ ਲਿਆ।

1. ਐਗਰੀਮੈਂਟ ਦੀ ਸ਼ਰਤਾਂ ਨੰ: 15, 23, 25, 28, 30, 31, 48 ਵਿੱਚ ਗੰਭੀਰ ਫਰਕ ਪਾਇਆ ਗਿਆ ਹੈ ਜ਼ੋ ਕਿ ਸਿਰਫ ਠੇਕੇਦਾਰ ਨੂੰ ਫਾਇਦਾ ਪਹੁੰਚਾਉਣ ਲਈ ਬਣਾਈਆਂ ਗਈਆਂ ਹੈ ।

2. ਜਿਥੋਂ ਤੱਕ ਮੈਂ ਐਡਵਰਟਾਇਜ਼ਮੈਂਟ ਬਾਈਲਾਜ ਸਮਝਦੀ ਹਾਂ, ਠੇਕੇਦਾਰ ਵੱਲੋਂ ਲਗਾਏ ਗਏ ਤਕਰੀਬਨ ਸਭ ਬੋਰਡ ਇਕਰਾਰਨਾਮੇ ਤੇ ਲਾਗੂ ਐਡਵਰਟਾਈਜ਼ਮੈਂਟ ਪਾਲਸੀ ਤੇ ਬਾਈਲਾਜ਼ ਦੀ ਉਲੰਘਣਾ ਕਰਦੇ ਹੋਏ ਸੜਕ ਦੇ ਵਿੱਚੋਂ ਵਿੱਚ ਅਤੇ ਮੁੱਖ ਚੋਕਾਂ ਤੇ ਲਗਾਏ ਹੋਏ ਹਨ ਜ਼ੋ ਕਿ ਜਨਤਾ ਦੀ ਜਾਣ ਲਈ ਵੀ ਖਤਰਾ ਹਨ । ਸ਼ਿਕਾਇਤਾਂ ਮਿਲਣ ਵਾਜੋਂ ਪੜਤਾਲ ਕਰਨ ਲਈ ਬਣਾਈ ਗਈ ਇਨਕੁਆਰੀ ਕਮੇਟੀ ਦੀ ਦਫਤਰ ਦਾਖਲ ਰਿਪੋਰਟ ਮਿਤੀ 19.12.2018 ਅਤੇ 6.8.2019 ਵਿੱਚ ਇਨਾਂ ਉਲੰਘਨਾਵਾਂ ਨੂੰ ਮੰਨਿਆ ਹੈ।

3. ਜੁਆਇੰਟ ਕਮਿਸ਼ਨਰ ਦੀ ਮੌਜੂਦਗੀ ਵਿੱਚ ਸਾਡੀ ਐਡਹੋਕ ਕਮੇਟੀ ਵੱਲੋਂ ਮਿਤੀ 13.12.2020 ਨੂੰ ਮੌਕੇ ਦੇਖਣ ਤੇ ਪਾਇਆ ਗਿਆ ਕਿ ਠੇਕੇਦਾਰ ਵਲੋਂ ਲਗਾਏ ਗਏ ਬੋਰਡ ਇਕਰਾਰਨਾਮੇ ਵਿੱਚ ਤੈਸ਼ੁਦਾ ਸਾਇਜਾਂ ਤੋਂ ਵੀ ਵੱਡੇ ਹਨ ਅਤੇ ਨਿਰਧਾਰਿਤ ਥਾਵਾਂ ਤੋਂ ਉਰੇ-ਪਰੇ ਅਤੇ ਕਾਫੀ ਦੂਰ ਹਨ ।

4. ਪੜਤਾਲ ਵਿੱਚ ਇਹ ਵੀ ਪਾਇਆ ਗਿਆ ਕਿ ਬੋਰਡ ਦੇ ਢਾਂਚੇ/ਫਰੇਮ ਨੂੰ ਇਕਰਾਰਨਾਮੇ ਦੀਆਂ ਸ਼ਰਤਾਂ ਦੇ ਵਿੱਚ ਦਿੱਤੀਆਂ ਗਈਆਂ ਸਪੈਸੀਫਿਕੇਸ਼ਨਜ਼ ਦੇ ਮੁਤਾਬਕ ਨਹੀਂ ਬਣਾਇਆ ਗਿਆ ਹੈ ।

5. ਮੈਨੂੰ ਹਾਊਸ ਵਿੱਚ ਇਹ ਦੱਸਣ ਤੋਂ ਕੋਈ ਗੁਰੇਜ਼ ਨਹੀਂ ਹੈ ਕਿ ਇਸ ਡੀਲ ਨਾਲ ਸਬੰਧਤ ਅਧਿਕਾਰੀਆਂ ਵਲੋਂ ਨਗਰ ਨਿਗਮ ਨੂੰ ਤਕਰੀਬਨ ਰੁ. 4 ਕਰੋੜ ਦਾ ਨੁਕਸਾਨ ਕੀਤਾ ਗਿਆ ਹੈ ।

6. ਨਿਗਮ ਹਾਊਸ ਵਿੱਚ ਪ੍ਰਵਾਨ 59 ਯੂਨੀਪੋਲਾਂ ਦੇ ਤਖਮੀਨੇ ਨੂੰ ਬਿਨਾ ਫਾਇਨਾਂਸ ਅਤੇ ਕੰਟਰੈਕਟਸ ਕਮੇਟੀ ਅਤੇ ਨਿਗਮ ਹਾਊਸ ਦੀ ਇਜਾਜਤ ਲਿਤੇ ਬਿਨਾ ਹੀ 26 ਯੂਨੀਪੋਲਾਂ ਦਾ ਸ਼ੁਰੂਆਤੀ ਇਕਰਾਰਨਾਮਾ ਬਣਾ ਕੇ ਨਗਰ ਨਿਗਮ ਦਾ ਭਾਰੀ ਨੁਕਸਾਨ ਕੀਤਾ ਹੈ ।

7. ਮੈਨੂੰ ਪਤਾ ਚੱਲਿਆ ਹੈ ਕਿ ਪਹਿਲੇ ਕਮਿਸ਼ਨਰ ਵਲੋਂ ਅਧਿਕਾਰੀਆਂ ਅਤੇ ਕਰਮਚਾਰੀਆਂ ਵਿਰੁੱਧ ਸ਼ੋ-ਕਾਜ਼ ਨੋਟਿਸ ਮਿਤੀ 20.2.2020 ਨੂੰ ਜਾਰੀ ਹੋਏ ਸਨ ਪਰ ਉਹਨਾਂ ਤੇ ਵੀ ਕੋਈ ਕਾਰਵਾਈ ਨਹੀਂ ਹੋਈ । ਇਸ ਦਾ ਮਤਲਬ ਸਾਫ ਹੈ ਕਿ ਉਚੱ ਅਧਿਕਾਰੀ ਖੁਦ ਲਪੇਟੇ ਵਿੱਚ ਆਉਂਦੇ ਹੋਣਗੇ ।

ਹੈਰਾਨੀ ਦੀ ਗੱਲ ਹੈ ਕਿ ਨਿਗਮ ਕੋਲ ਪੜਤਾਲ ਕਮੇਟੀ ਦੀ ਰਿਪੋਰਟ, ਐਡਹੋਕ ਕਮੇਟੀ ਦੀ ਮੌਕਾ ਇਨਸਪੈਕਸ਼ਨ ਰਿਪੋਰਟ ਅਤੇ ਕੋਈ ਵੀ ਅਦਾਲਤੀ ਸਟੇਅ ਨਾ ਹੋਣ ਦੇ ਬਾਵਜੂਦ ਅਧਿਕਾਰੀਆਂ ਨੇ ਬਣਦੀ ਕਾਰਵਾਈ ਨਹੀਂ ਕੀਤੀ। ਇੱਥੇ ਤੱਕ ਕਿ ਨਿਗਮ ਦਾ ਲੀਗਲ ਸੈਕਸ਼ਨ ਵੀ ਇਸ ਸਕੈਂਡਲ ਵਿੱਚ ਰੱਲਿਆ ਹੋਇਆ ਹੈ । ਇਹਨਾਂ ਹਲਾਤਾਂ ਦੇ ਬਾਵਜੂਦ ਹਾਲ ਵਿੱਚ ਦਿੱਤੇ ਗਏ 33 ਯੂਨੀਪੋਲਾਂ ਵਿੱਚ ਕੀਤੀਆਂ ਗਈਆਂ ਉਲੰਘਨਾਵਾਂ ਤੇ ਵੀ ਕੋਈ ਕਾਰਵਾਈ ਨਾ ਕਰਨ ਦਾ ਮਤਲਬ ਇਹ ਹੈ ਕਿ ਐਡਵਰਟਾਈਜ਼ਮੈਂਟ ਸ਼ਾਖਾ, ਉਹਨਾਂ ਦਾ ਇੰਚਾਰਜ ਅਫ਼ਸਰ ਠੇਕੇਦਾਰ ਨਾਲ ਰਲੇ ਹੋਏ ਹਨ । ਕਮਿਸ਼ਨਰ ਸਾਹਬ ਦੀ ਵੀ ਠੇਕੇਦਾਰ ਨਾਲ ਸਹਿਮਤੀ ਹੀ ਨਜ਼ਰ ਆਉਂਦੀ ਹੈ ।

ਮੈਂ ਮੰਗ ਕਰਦੀ ਹਾਂ ਕਿ ਇਸ ਟੈਂਡਰ ਨੂੰ ਰੱਦ ਕਰਦੇ ਹੋਏ ਸਾਰੇ ਸਬੰਧਤ ਜ਼ੁਰਮਵਾਰ ਦੋਸ਼ੀ ਅਧਿਕਾਰੀਆਂ ਦਾ ਤਬਾਦਲਾ ਕਰਕੇ ਲੋੜੀਂਦੀ ਬਣਦੀ ਕਾਰਵਾਈ ਲਈ ਸਕੱਤਰ ਸਥਾਨਕ ਸਰਕਾਰ ਪੰਜਾਬ ਨੂੰ

ਲਿਖਿਆ ਜਾਵੇ। ਠੇਕੇਦਾਰ ਨੂੰ ਡਿਫਾਲਟਰ ਘੋਸ਼ਤ ਕਰਕੇ ਉਸ ਤੇ ਫਰਾਡ ਦਾ ਕੇਸ ਬਨਾਉਣ ਲਈ ਇਨਕੁਆਰੀ ਵਿਜੀਲੈਂਸ ਪੰਜਾਬ ਪੁਲਿਸ ਤੋਂ ਕਰਵਾਈ ਜਾਵੇ ਅਤੇ ਨਿਗਮ ਨੂੰ ਹੋਏ ਵਿੱਤੀ ਨੁਕਸਾਨ ਦੀ ਭਰਪਾਈ ਏਕਟ ਮੁਤਾਬਿਕ ਕੀਤੀ ਜਾਵੇ। ਜਿਸ ਲਈ ਇਹ ਹਾਊਸ ਅੱਜ ਮਤਾ ਪਾਸ ਕਰੇ ਤਾਂ ਜ਼ੋ ਮੁੜ ਤੋਂ ਅਜਿਹੀ ਗਲਤੀ ਨਾ ਹੋਵੇ । ਇਸ ਸਬੰਧੀ ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਮੈਂਬਰਾਂ ਵਲੋਂ ਵੀ ਆਪਣੀਆਂ ਤਜ਼ਵੀਜ਼ਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਵਿੱਚ ਹੋਈਆਂ ਧਾਂਦਲੀਆਂ ਦੇ ਵੇਰਵੇ ਹਨ ਜ਼ੋ ਕਿ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ । ਇਹਨਾਂ ਤਜ਼ਵੀਜ਼ਾਂ ਨੂੰ ਵੀ ਮਤੇ ਵਿੱਚ ਸ਼ਾਮਲ ਕੀਤਾ ਜਾਵੇ ਜੀ ।

ਮੇਅਰ ਜੀ ਦੇ ਆਦੇਸ਼ ਮਿਤੀ 8.2.2021 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

**ਮੈਂਬਰ 1- ਸ੍ਰੀਮਤੀ ਨੀਰਜਾ ਜੈਨ ਕਾਊਂਸਲਰ ਵਾਰਡ ਨੰ: 23 ਨਗਰ ਨਿਗਮ, ਜਲੰਧਰ ।**

ਵਿਸ਼ਾ: ਵਿਗਿਆਪਨ ਦੇ ਇਕਰਾਰਨਾਮੇ ਵਿੱਚ ਜਲੰਧਰ ਨਿਗਮ ਨੂੰ ਹੋਏ ਤਕਰੀਬਨ 4 ਕਰੋੜ ਦੇ ਨੁਕਸਾਨ ਬਾਰੇ ਕਿਉਂ ਜ਼ੋ ਟੈਂਡਰ ਸ਼ਰਤਾਂ ਅਤੇ ਠੇਕੇਦਾਰ ਨੂੰ ਠੇਕਾ ਚਲਾਉਣ ਲਈ ਦਿੱਤੀ ਗਈ ਚਿੱਠੀ ਹੇਠ 7 ਦਿਨ ਦਾ ਸਮਾਂ ਹੀ ਇਕਰਾਰਨਾਮੇ ਨੂੰ ਨਿਗਮ ਨਾਲ ਕਰਨ ਲਈ ਮੁਕਰਰ ਸੀ ਜ਼ੋ ਕਿ ਲੱਗਭਗ 7 ਮਹੀਨੇ ਬੀਤਣ ਬਾਅਦ ਲਿਖਤ ਵਿੱਚ ਆਇਆ, ਇਸ ਨਾਲ ਅੰਦਾਜਨ ਰੁ. 1 ਕਰੋੜ ਆਮਦਨ ਦਾ ਘਾਟਾ ਨਿਗਮ ਨੂੰ ਹੋਇਆ ।

ਇਨਾਂ ਹੀ ਨਹੀਂ ਇਸ ਤੋਂ ਬਾਅਦ ਬੋਲੀ ਕਰਤਾ ਨੇ ਮਿਤੀ 4.7.2016, 29.7.2016 ਅਤੇ ਹੋਰ ਵੱਖ ਵੱਖ ਪੱਤਰਾਂ ਰਾਹੀਂ 20 ਯੂਨੀਪੋਲਾਂ ਬਾਰੇ ਝੂਠਾ ਇਤਰਾਜ਼ ਜਤਾਇਆ ਸੀ ਤਾਂ ਜ਼ੋ 39 ਬੋਰਡ ਯੂਨੀਪੋਲ ਲਗਾਉਣ ਦੀ ਮੰਨਸ਼ਾ ਜਾਹਿਰ ਸੀ । ਇਸ ਦੇ ਬਾਰੇ ਠੇਕੇਦਾਰ ਦੇ ਕਈ ਪੱਤਰ ਵੀ ਅਸਲ ਫਾਈਲ ਵਿੱਚ ਦਰਸਾਏ ਗਏ ਹਨ । 20 ਬੋਰਡ ਨਾ ਲੱਗਣ ਦੇ ਬਹਾਨੇ ਨੂੰ ਵਿਭਾਗ ਨੇ ਬਿਨਾ ਕਿਸੇ ਜਾਂਚ ਪੜਤਾਲ ਕਿਤੇ ਹੀ ਠੇਕੇਦਾਰ ਦੇ ਕਹੇ ਅਨੁਸਾਰ ਹੀ ਮੰਨ ਲਿੱਤਾ । ਇਹ ਦੱਸਣਾ ਠੀਕ ਹੋਵੇਗਾ ਕਿ ਉਕਤ 59 ਯੂਨੀਪੋਲ ਸਾਈਟਾਂ ਉਸ ਸਮੇਂ ਦੀ ਏ.ਆਰ.ਸੀ .ਕਮੇਟੀ ਦੀ ਮੰਜੂਰੀ ਨਾਲ ਟੈਂਡਰ ਤਖਮੀਨੇ ਵਿੱਚ ਪਾਈਆਂ ਗਈਆਂ ਸੀ । ਟੈਂਡਰ ਸ਼ਰਤ ਨੰ: 1 ਹੇਠ ਬੋਲੀ ਕਰਤਾ ਵਲੋਂ ਬੋਲੀ ਲਾਣ ਤੋਂ ਪਹਿਲਾਂ ਦੇਖਭਾਲ ਕਰਨੀ ਮੁਕਰਰ ਸੀ । ਤਾਂ ਜ਼ੋ ਬੋਲੀ ਕਰਤਾ ਨਾਲ ਬਾਅਦ ਵਿੱਚ ਕੋਈ ਝਗੜਾ ਇਤਰਾਜ਼ ਨਾ ਹੋਵੇ, ਜਿਦਾਂ ਕਿ ਇਸ ਠੇਕੇਦਾਰ ਵਲੋਂ ਕੀਤਾ ਜਾ ਰਿਹਾ ਹੈ ।

ਜੱਦ ਕਿ ਸ਼ਰਤ ਦੇ ਮੁਤਾਬਕ ਠੇਕੇਦਾਰ ਦਾ ਬਾਅਦ ਵਿੱਚ ਬਹਾਨਾ/ਇਤਰਾਜ਼ ਕਰਨਾ ਗਲਤ ਹੈ । ਇਹ ਵੀ ਸੱਚ ਹੈ ਕਿ ਬਾਰ-ਬਾਰ ਨਿਗਮ ਨੂੰ ਨੁਕਸਾਨ ਵਿੱਚ ਧਕੇਲਦੇ ਹੋਏ ਠੇਕੇਦਾਰ ਵਲੋਂ ਮੰਨੇ ਗਏ/ਮੰਗੇ ਗਏ 39 ਯੂਨੀਪੋਲ ਨੂੰ ਬਿਨਾ ਵਜਾਹ 26 ਯੂਨੀਪੋਲ ਦਾ ਪ੍ਰਵਾਨ ਕਰਨ ਲਈ ਹੁਕਮ ਉਸ ਸਮੇਂ ਦੇ ਕਮਿਸ਼ਨਰ ਜੀ ਨੇ ਜਾਰੀ ਕਰ ਦਿੱਤੇ, ਜਿਸ ਵਜੋਂ ਨਿਗਮ ਨੂੰ ਨੁਕਸਾਨ ਹੋਣ ਵਿੱਚ ਇਨ੍ਹਾਂ ਦਾ ਵੀ ਯੋਗਦਾਨ ਪਾਇਆ ਜਾਂਦਾ ਹੈ । ਇਸ ਨਾਲ ਨਿਗਮ ਦਾ ਤਕਰੀਬਨ 45 ਮਹੀਨੇ ਦਾ ਟੈਂਡਰ ਆਮਦਨੀ ਦਾ ਸਮੇਂ ਖਰਾਬ ਹੋਣ ਕਾਰਨ ਨਿਗਮ ਦਾ ਲੱਗਭਗ 3 ਕਰੋੜ ਰੁਪਏ ਦਾ ਨੁਕਸਾਨ ਹੋਇਆ ।

ਇੱਥੇ ਇਹ ਸਵਾਲ ਉਠਦਾ ਹੈ ਕਿ ਠੇਕੇਦਾਰ ਠੇਕਾ ਚਾਲੂ ਕਰਣ ਤੋਂ ਕਿਉਂ ਗੁਰੇਜ਼ ਕਰ ਰਿਹਾ ਸੀ । ਇੱਥੇ ਇਹ ਦੱਸਿਆ ਜਾਣਾ ਬੜਾ ਜ਼ਰੂਰੀ ਹੈ ਕਿ ਟੈਂਡਰ ਜੱਦ ਰੱਦ ਕੀਤਾ ਗਿਆ ਸੀ ਉਸ ਸਮੇਂ ਦੌਰਾਨ ਪਹਿਲੇ ਹੀ ਇੱਕ ਫਰਮ ਦਾ 199 ਯੂਨੀਪੋਲ ਸਾਈਟਾਂ ਦਾ ਠੇਕਾ ਚਾਲੂ ਹਾਲਤ ਵਿੱਚ ਮੌਜੂਦ ਸੀ । ਇਹ ਹੀ ਸਬ ਤੋਂ ਵੱਡਾ ਮਸਲਾ ਨਵੇਂ ਬੋਲੀ ਲਾਣ ਵਾਲਿਆਂ ਦੇ ਅੱਗੇ ਦਰ ਪੇਸ਼ ਸੀ ਕਿ 59 ਬੋਰਡ ਦੇ ਹੋਏ ਟੈਂਡਰ ਵਿੱਚ ਕਿਸੇ ਹੋਰ ਠੇਕੇਦਾਰ ਨੇ ਦਿਲਚਸਪੀ ਨਹੀਂ ਦਿਖਾਈ । ਪਹਿਲਾਂ ਚੱਲ ਰਿਹਾ ਠੇਕਾ ਵੀ ਇਸੇ ਹੀ ਫਰਮ ਦੇ ਭਾਗੀਦਾਰ ਪਰਿਵਾਰ ਦੀ ਫਰਮ ਕੋਲ ਸੀ । ਇਸ ਵਜੋਂ ਪਹਿਲੇ ਦੇ ਚਲ ਰਹੇ ਠੇਕੇ ਦੇ ਮੁਕਣ ਦੇ ਨਾਲ ਹੀ ਹੁਣ ਵਾਲੇ ਠੇਕੇਦਾਰ ਨੇ ਪੁਰਜੋਰ ਤਰੀਕੇ ਰਹਿੰਦੀਆਂ ਸਾਈਟਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਜਦਕਿ ਪਹਿਲਾਂ ਖੁਦ ਹੀ ਉਨ੍ਹਾਂ ਸਾਈਟਾਂ ਲਈ ਮਨ੍ਹਾ ਕਰਦਾ ਰਿਹਾ ।

ਠੇਕੇਦਾਰ ਨੇ ਮਿਤੀ 29.7.2016 ਅਤੇ ਵੱਖ ਵੱਖ ਪੱਤਰਾਂ ਰਾਹੀਂ ਨਿਗਮ ਨੂੰ ਕਈ ਵਾਰ ਲਿਖਿਆ ਸੀ ਕਿ 120 ਦਿਨ ਬੀਤਣ ਉਪਰਾਂਤ ਟੈਂਡਰ ਦੇਣ ਦੀ ਮਿਆਦ ਖਤਮ ਹੋ ਗਈ ਹੈ ਅਤੇ ਨਾਲ ਹੀ ਉਸੇ ਪੱਤਰ ਵਿੱਚ ਇਹ ਵੀ ਬਿਆਨ ਦਿੱਤਾ ਹੈ ਕਿ 20 ਨਕਾਰੇ ਹੋਏ ਯੂਨੀਪੋਲ ਸਾਈਟਾਂ ਦੇ ਬਦਲੇ 20 ਨਵੀਆਂ/ਬਦਲੀਆਂ ਹੋਈਆਂ

ਥਾਵਾਂ ਨੂੰ ਨਿਗਮ ਆਪਣੇ ਪੱਧਰ ਤੇ ਦੇਣ ਦਾ ਅਧਿਕਾਰ ਨਹੀਂ ਹੈ । ਇਸ ਤਰ੍ਹਾਂ ਠੇਕੇਦਾਰ ਵਕਤ-ਵਕਤ ਤੇ ਆਪਣੇ ਫਾਇਦੇ ਅਨੁਸਾਰ ਆਪਣਾ ਪੱਖ ਬਦਲਦਾ ਰਿਹਾ ।

ਇਸ ਤੋਂ ਪਤਾ ਚਲਦਾ ਹੈ ਕਿ ਠੇਕੇਦਾਰ ਨੇ ਨਿਗਮ ਨਾਲ ਧੋਖੇਬਾਜੀ/ਠੱਗੀ ਕੀਤੀ ਹੈ । ਇਹ ਸਾਰੀ ਕਾਰਵਾਈ ਧੋਖੇਬਾਜੀ ਤੇ ਨਿਗਮ ਨੂੰ ਬਲੈਕਮੇਲ ਕਰਕੇ ਭਾਰੀ ਰਾਸ਼ੀ ਦਾ ਨਿਗਮ ਆਮਦਨੀ ਨੂੰ ਨੁਕਸਾਨ ਪਹੁੰਚਾਇਆ ਹੈ। ਇਹ ਮਾਮਲਾ ਵੱਡੇ ਪੱਧਰ ਤੇ ਘਪਲਾ ਜਾਪਦਾ ਹੈ ਜਿਸ ਨੂੰ ਬਰੀਕੀ ਨਾਲ ਵਿਚਾਰਣ ਤੋਂ ਹਾਊਸ ਨੂੰ ਨਿਗਮ ਦੇ ਹੱਕ ਵਿੱਚ ਫੈਂਸਲਾ ਲੈਣਾ ਸਹੀ ਹੋਵੇਗਾ ।

**ਹੋਏ 4 ਕਰੋੜ ਦੇ ਨੁਕਸਾਨ ਦਾ ਹਿਸਾਬ-**

| | |
|---|---|
| ਬੋਲੀਕਰਤਾ ਦੀ ਬੋਲੀ ਪਾਸ ਹੋਣ ਬਾਰੇ ਦੀ ਚਿੱਠੀ | 27.06.2016 |
| ਠੇਕਾ ਸ਼ੁਰੂ ਕਰਣ ਦੀ ਚਿੱਠੀ | 21.07.2016 |
| ਸੱਤ ਦਿਨ ਦਾ ਸਮਾਂ ਟੈਂਡਰ ਸ਼ਰਤਾਂ ਅਨੁਸਾਰ | ਮਿਤੀ 22.07.2016 ਤੋਂ 29.07.2016 |
| ਠੇਕਾ ਸ਼ੁਰੂ ਹੋਣ ਵਾਲੀ ਮਿਤੀ | 20.07.2016 ਤੋਂ ਲੇਕਿਨ/ਪਰ ਇਕਰਾਰਨਾਮਾ ਸ਼ੁਰੂ ਹੋਣ ਦੀ ਮਿਤੀ 20.03.2017 ਯਾਨੀ ਖਰਾਬ ਹੋਇਆ ਸਮਾਂ - $7^{1/2}$ ਮਹੀਨੇ (ਲੱਗਭਗ) |
| ਨਿਗਮ ਨੂੰ ਹੋਏ ਨੁਕਸਾਨ ਦਾ ਹਿਸਾਬ | $7^{1/2}$ ਮਹੀਨੇ × 14,75,000 ਰੁਪਏ<br>1 ਮਹੀਨਾ × 25000 ਪ੍ਰਤੀ ਯੂਨੀਪੋਲ = 25000 ਰੁਪਏ<br>25000×59 ਯੂਨੀਪੋਲ= 14,75,000/-<br>(59 ਯੂਨੀਪੋਲ×25000 ਪ੍ਰਤੀ ਯੂਨੀਪੋਲ)<br>ਕੁੱਲ ਹੋਇਆ ਨੁਕਸਾਨ = 1,10,62,500/-<br>(ਇਕ ਕਰੋੜ ਦੱਸ ਲੱਖ ਬਾਠ ਹਜਾਰ ਪੰਜ ਸੋ ਰੁਪਏ) |
| ਕੁੱਲ ਹੋਇਆ ਨੁਕਸਾਨ | 1,10,62,500/- |

33 ਯੂਨੀਪੋਲ ਬਹਾਨੇ ਸਿਰ ਨਾ ਲੱਗਣ ਕਾਰਣ ਹੋਏ ਨੁਕਸਾਨ ਦਾ ਹਿਸਾਬ- ਕਿਉਂਕਿ ਇਨਕੁਆਰੀ ਕਮੇਟੀ ਰਿਪੋਰਟ ਵਿੱਚ 25 ਯੂਨੀਪੋਲ ਲਗਾਏ ਜਾ ਸਕਦੇ ਮੰਨੇ ਗਏ ਹਨ । (Feasible Unipole Sites)

| | |
|---|---|
| ਖਰਾਬ ਹੋਇਆ ਸਮਾਂ | 45 ਮਹੀਨੇ |
| 33 ਯੂਨੀਪੋਲ ਸ਼ੁਰੂ ਹੋਣ ਦੀ ਮਿਤੀ | 20.12.2019 |
| ਕੁੱਲ ਹੋਇਆ ਨਿਗਮ ਦਾ ਨੁਕਸਾਨ | 25 ਯੂਨੀਪੋਲ×25000 ਪ੍ਰਤੀ ਯੂਨੀਪੋਲ = 6,25,000/- ਹਰ ਮਹੀਨੇ |
| ਹੋਇਆ ਨੁਕਸਾਨ 45 ਮਹੀਨੇ ਦਾ | 6,25,000/-×45 ਮਹੀਨੇ = 2,81,25,000/- |
| ਕੁੱਲ ਹੋਇਆ ਨੁਕਸਾਨ | 110,62,500+2,81,25,000 = 3,91,87,500/-<br>(ਤਿੰਨ ਕਰੋੜ ਇਕਾਨਵੇਂ ਲੱਖ ਸੱਤਾਸੀ ਹਜਾਰ ਪੰਜ ਸੋ) |

**ਮੈਂਬਰ-2 ਤਜਵੀਜ਼ ਸ੍ਰੀ ਮਨਮੋਹਨ ਰਾਜੂ ਕਾਉਂਸਲਰ ਵਾਰਡ ਨੰ: 16, ਮੈਂਬਰ ਐਡਵਰਟਾਈਜ਼ਮੈਂਟ ਅਡਹੋਕ ਕਮੇਟੀ ।**

ਸਾਨੂੰ ਜ਼ੋ ਪਤਾ ਲੱਗਾ ਹੈ ਕਿ ਠੇਕੇਦਾਰ ਵਲੋਂ ਲਾਏ ਗਏ ਸਾਰੇ ਬੋਰਡ ਹੀ ਇਕਰਾਰਨਾਮੇ ਵਿੱਚ ਲਾਗੂ ਐਡਵਰਟਾਈਜ਼ਮੈਂਟ ਬਾਈਲਾਜ਼ ਵਿੱਚ ਤੈਅਸ਼ੁਦਾ ਮਾਨਕਾਂ ਦੇ ਵਿਰੁੱਧ ਜਾ ਕੇ ਮੁੱਖ ਚੋਕਾਂ ਦੀਆਂ ਨੁਕਰਾਂ ਤੇ ਅਤੇ ਆਪਸ ਵਿੱਚ ਬਿਨ੍ਹਾਂ ਫਾਂਸਲੇ ਦੇ ਕੱਠੇ ਕਰਕੇ ਲਾਏ ਗਏ ਹਨ । ਕੁਝ ਬੋਰਡ/ਯੂਨੀਪੋਲ ਤਾਂ ਸੜਕਾਂ ਦੇ ਵਿੱਚੋਂ ਵਿੱਚ ਅਤੇ ਟ੍ਰੈਫਿਕ ਸਿਗਨਲ ਦੇ ਨਾਲ ਜ਼ੋੜ ਦੇ ਵੀ ਲਾਏ ਗਏ ਹਨ । ਜਿਵੇਂ ਕਿ ਪੀਮਸ ਹਸਪਤਾਲ ਦੇ ਬਾਹਰ ਸੜਕ ਵਿਚਕਾਰ, ਨੇੜੇ ਬੱਸ ਸਟੈਂਡ ਗੜ੍ਹਾ ਰੋਡ ਚੌਂਕ ਦੀ ਨੁਕਰਾਂ ਅਤੇ ਟਰੈਫਿਕ ਸਿਗਨਲ ਦੇ ਨਾਲ ਜ਼ੋੜ ਕੇ, ਮੁਖ ਚੋਕਾਂ ਦੀਆਂ ਨੁਕਰਾਂ ਤੇ ਜਿਵੇਂ ਪੀ.ਏ.ਪੀ. ਚੌਂਕ, ਮੈਂਬਰੋ ਚੌਂਕ, ਸ੍ਰੀ ਗੁਰੂ ਰਵੀਦਾਸ ਚੌਂਕ, ਸ੍ਰੀ ਗੁਰੂ ਅਮਰਦਾਸ ਚੌਂਕ, ਕੂਲ ਰੋੜ ਚੌਂਕ, ਅਰਬਨ ਅਸਟੇਟ ਫੇਜ਼-2 ਮਾਰਕਿਟ ਚੌਂਕ, ਆਦਿ ਜਗ੍ਹਾਂਵਾਂ ਤੇ ਯੂਨੀਪੋਲ ਨਿਯਮਾਂ ਦੀਆਂ ਧਜੀਆਂ ਉੜਾਂਦੇ ਹੋਏ ਲਗਾਏ ਗਏ ਹਨ।

ਇਸੇ ਤਰ੍ਹਾਂ ਮਾਡਲ ਟਾਊਨ ਗੀਤਾ ਮੰਦਰ ਦੇ ਸਾਹਮਣੇ, ਮਾਡਲ ਟਾਊਨ ਤੇ ਜੀ.ਟੀ.ਬੀ. ਨਗਰ ਤੋਂ ਬੀ.ਐਸ.ਐਨ.ਐਲ. ਐਸਚੇਂਜ ਦੇ ਵਿਚਾਕਾਰ, ਮਾਡਲ ਟਾਊਨ ਟਰੈਫਿਕ ਲਾਈਟਸ ਦੇ ਨੇੜੇ ਅਰਬਨ ਅਸਟੇਟ ਫੇਜ਼-1 ਮਾਰਕਿਟ, ਮਾਡਲ ਟਾਊਨ ਸ਼ਿਵਾਨੀ ਪਾਰਕ ਦੇ ਬਾਹਰ ਲੱਗੇ ਬੋਰਡ ਰੋਡਾਂ ਦੇ ਰੱਲਣ-ਕੱਟਣ ਦੇ ਬਣਦੇ ਕੋਨ ਦੀ ਟੱਕਰ ਤੇ (ਯਾਨੀ ਟੀ-ਪੁਆਇੰਟ) ਤੇ ਲਾ ਦਿੱਤੇ ਗਏ ਹਨ । ਸ੍ਰੀ ਗੁਰੂ ਅਮਰਦਾਸ ਚੌਂਕ ਤੇ ਤਾਂ 6 (ਛੇ) ਬੋਰਡ ਇੱਕ-ਦੂਜੇ ਨਾਲ ਜੁੜੇ ਨਜ਼ਰ ਆਉਂਦੇ ਹਨ । ਮਤਲਬ ਇਹ ਹੈ ਕਿ ਪਹਿਲੀ ਨਜ਼ਰ ਵਿੱਚ ਹੀ ਬੋਰਡ ਗਲਤ ਢੰਗ ਨਾਲ ਲੱਗੇ ਨਜ਼ਰ ਆਉਂਦੇ ਹਨ । ਜਿਨ੍ਹਾਂ ਤੇ ਅਧਿਕਾਰੀ ਅੱਖਾਂ ਬੰਦ ਕਰੀ ਬੈਠੇ ਹਨ ।

ਜਦਕਿ ਬਾਈਲਾਜ਼ 2015 ਦੇ ਮੁਤਾਬਕ ਮਸ਼ੂਰੀ ਬੋਰਡ/ਯੂਨੀਪੋਲ ਕਿਸੇ ਵੀ ਚੌਂਕ, ਮੁੜਦੀ ਜਾਂ ਰਲਦੀ ਸੜਕ ਤੋਂ ਘੱਟੋ-ਘੱਟ 30 ਮੀਟਰ (90 ਫੁੱਟ) ਦੀ ਦੂਰੀ ਤੇ ਹੀ ਲਗਾਏ ਜਾ ਸਕਦੇ ਹਨ । ਇਸ ਦੇ ਨਾਲ ਹੀ ਬੋਰਡਾਂ ਦੀ ਆਪਸ ਵਿੱਚ ਦੂਰੀ 75 ਮੀਟਰ (225 ਫੁੱਟ) ਹੋਣੀ ਚਾਹੀਦੀ ਹੈ ।

ਇਕਰਾਰਨਾਮੇ ਤੇ ਲਾਗੂ ਐਡਵਰਟਾਈਜ਼ਮੈਂਟ ਬਾਈਲਾਜ਼ 2015 ਦੇ ਪੇਜ਼ ਨੰ: 11 ਪੁਆਇੰਟ ਨੰ: 10 ਦੇ ਪਹਿਲੇ ਦੋ ਖੰਡਾਂ ਵਿੱਚ ਬੋਰਡ/ਯੂਨੀਪੋਲ ਲਗਾਣ ਵਾਸਤੇ ਸਾਰੇ ਨਿਯਮ, ਸ਼ਰਤਾਂ ਦੱਸੀਆਂ ਗਈਆਂ ਹਨ ।

1. ਸ਼ਿਕਾਇਤਾਂ ਮਿਲਣ ਤੋਂ ਬਾਅਦ ਮਾਣਯੋਗ ਮੇਅਰ ਸਾਹਿਬ ਦੀ ਹਿਦਾਇਤ ਵਜੋਂ 2018 ਵਿੱਚ ਬਣਾਈ ਗਈ ਪੜਤਾਲ ਕਮੇਟੀ ਨੇ ਇਨ੍ਹਾਂ ਸਬ ਉਲੰਘਨਾਵਾਂ ਨੂੰ ਆਪਣੀ ਰਿਪੋਰਟ ਵਿੱਚ ਜ਼ੋਰ ਦੇ ਦੇ ਹਾਮੀ ਭਰੀ ਹੈ ।

ਪਹਿਲੇ ਫੇਰ ਵਿੱਚ ਲਗਾਏ ਗਏ ਕੁਲ 26 ਯੂਨੀਪੋਲਾਂ ਵਿੱਚੋਂ ਨਿਗਮ ਦੀ ਇੰਕੁਆਰੀ ਕਮੇਟੀ ਦੇ ਤਕਨੀਕੀ ਫੀਲਡ ਸਟਾਫ ਦੀ ਦਫਤਰ ਦਾਖਲ ਰਿਪੋਰਟ ਮਿਤੀ 19.12.2018 ਅਤੇ 6.8.2019 ਵਿੱਚ ਠੇਕੇਦਾਰ ਨੂੰ ਕਈ ਤਰਾਂ ਦੀਆਂ ਉਲੰਘਨਾਵਾਂ ਦਾ ਦੋਸ਼ੀ ਕਰਾਰ ਦਿੱਤਾ ਹੈ ਅਤੇ 59 ਨਿਰਧਾਰਿਤ ਸਾਈਟਾਂ ਦਾ ਮੌਕੇ ਤੇ ਮੁਆਈਨਾ ਕਰਕੇ ਰਿਪੋਰਟ ਫੋਟੋਆਂ ਨਾਲ ਪੇਸ਼ ਕੀਤੀ ਗਈ ਸੀ ਜ਼ੋ ਕਿ ਅਸਲ ਇਨਕੁਆਰੀ ਫਾਈਲ ਵਿੱਚ ਮੌਜੂਦ ਹੈ ।

ਇਹ ਕਿਹੋ ਜਿਹੇ ਕਮਿਸ਼ਨਰ ਹਨ ਜ਼ੋ ਸਾਬਤ ਹੋਈਆਂ ਉਲੰਘਨਾਵਾਂ ਨੂੰ ਨਜ਼ਰ ਅੰਦਾਜ ਕਰਦੇ ਹੋਏ ਮਾਤਰ ਖਾਨਾ ਪੂਰਤੀ ਵਿੱਚ ਦਿੱਤੇ ਗਏ ਨੋਟਿਸ ਦੇ ਅੱਗੇ ਕੋਈ ਕਾਰਵਾਈ ਕਰਨਾ ਨਹੀਂ ਚਾਹੁੰਦੇ ਹਨ । ਜਦ ਕਿ ਉਹਨਾਂ ਵਲੋਂ ਕਾਉਂਸਲਰਾਂ ਵਾਲੀ ਇੰਸਪੈਕਸ਼ਨ ਕਮੇਟੀ ਦੇ 33 ਯੂਨੀਪੋਲਾਂ ਦੀ ਉਲੰਘਨਾਵਾਂ ਤੇ ਕਾਰਵਾਈ ਕਰਨ ਦੇ ਸੁਝਾਵ ਨੂੰ ਵੀ ਨਹੀਂ ਮੰਨਿਆ ਗਿਆ ਹੈ । ਜਦ ਕਿ ਕਮਿਸ਼ਨਰ ਠੇਕੇਦਾਰ ਦਾ ਬਚਾਅ ਕਰਦੇ ਨਜ਼ਰ ਆ ਰਹੇ ਹਨ ।

2. ਇਕਰਾਰਨਾਮੇ ਦੇ ਮੁਤਾਬਕ ਯੂਨੀਪੋਲ ਦਾ ਸਾਈਜ਼ 20×10 (6 ਮੀਟਰ × 3 ਮੀਟਰ) ਹੈ ਅਤੇ ਲਾਗੂ ਬਾਈਲਾਜ਼ ਵੀ ਇਸ ਤੋਂ ਵੱਡੇ ਬੋਰਡ ਦੀ ਇਜਾਜਤ ਨਹੀਂ ਦਿੰਦਾ ਹੈ । ਜਦਕਿ ਠੇਕੇਦਾਰ ਵਲੋਂ ਇੱਕ (1 ਫੁੱਟ) ਦੀ ਪੱਟੀ ਬੋਰਡ ਦੇ ਸਾਇਜ ਤੋਂ ਵੱਧ ਚਾਰੋਂ ਪਾਸੇ ਲਾ ਕੇ ਸਾਇਜ਼ 22×12 ਕਰ ਲਿਆ ਹੈ । ਜਿਸ ਦੀ ਕੋਈ ਵੀ ਮੰਜੂਰੀ ਠੇਕੇਦਾਰ ਵਲੋਂ ਨਾ ਤਾਂ ਮੰਗੀ ਗਈ ਹੈ ਅਤੇ ਨਾ ਹੀ ਨਿਗਮ ਵਲੋਂ ਮੰਜੂਰੀ ਦਿੱਤੀ ਗਈ ਹੈ ਤੇ ਨਾ ਹੀ ਕੋਈ ਮੰਜੂਰੀ ਕਨੂੰਨ ਹੇਠ ਦਿੱਤੀ ਜਾ ਸਕਦੀ ਹੈ । 200 ਵਰਗ ਫੁੱਟ ਬੋਰਡ ਦੇ ਬਜਾਏ ਲਗਭਗ 260 ਵਰਗ ਫੁੱਟ ਦਾ ਬੋਰਡ ਮੌਕੇ ਉਤੇ ਮੌਜੂਦ ਹੈ ਅਤੇ ਮੇਰੇ ਕੋਲ ਇਹ ਸਾਰੇ ਬੋਰਡਾਂ ਦੀਆਂ ਤਸਵੀਰਾਂ ਹਨ । ਇਹ ਸਾਰਾ ਮਾਮਲਾ ਟੈਕਸ ਚੋਰੀ ਦਾ ਹੈ ਤੇ ਕਾਨੂੰਨ ਦੀ ਘੋਰ ਉਲੰਘਣਾ ਵੀ ਹੈ । ਚੋਰੀ ਛੋਟੀ ਨਹੀਂ ਹੈ ਕਿਉਂਕਿ ਮਾਮਲਾ ਕਰੋੜਾਂ ਦੀ ਚੋਰੀ ਦਾ ਹੈ । ਅਲਾਟ ਕੀਤਾ ਗਿਆ 200 ਵਰਗ ਮੀਟਰ ਦਾ ਬੋਰਡ 25000 ਰੁਪਏ ਮਹੀਨੇ ਤੇ ਹੈ, ਜਿਸਦੇ ਹਿਸਾਬ ਨਾਲ ਇੱਕ ਵਰਗ ਫੁੱਟ 125 ਰੁਪਏ ਕੀਮਤ ਦਾ ਹੈ ਤੇ ਤਕਰੀਬਨ 60 ਵਰਗ ਫੁੱਟ ਵਾਧੂ ਸਾਈਜ਼ ਹਰ ਬੋਰਡ ਵਿੱਚ ਮੌਜੂਦ ਹੈ । ਜਿਸ ਵਾਸਤੇ ਬਣਦੀ ਕੀਮਤ ਰੁ. 7500/- ਹਰ ਯੂਨੀਪੋਲ ਤੇ ਵਧੀਕ ਲੈਣੀ ਬਣਦੀ ਹੈ । ਹਿਸਾਬ ਲਾਇਆ ਜਾਵੇ ਤੇ ਠੇਕੇਦਾਰ ਤੋਂ ਲਗਭਗ ਡੇੜ ਕਰੋੜ ਦੀ ਵਸੂਲੀ ਬਣਦੀ ਹੈ । ਤੇ ਇਸਨੂੰ ਹਟਾਣ ਲਈ ਆਦੇਸ਼ ਜਾਰੀ ਕਰਨੇ ਚਾਹੀਦੇ ਹਨ । ਵਸੂਲੀ ਦਾ ਲੇਖਾ ਜ਼ੋਖਾ ਇਸ ਤਰ੍ਹਾਂ ਹੈ:

ਪਹਿਲੇ ਫੇਰ ਦੇ 26 ਯੂਨੀਪੋਲਾਂ ਦਾ ਹਿਸਾਬ

| | |
|---|---|
| ਕੁਲ ਯੂਨੀਪੋਲ | 26 |
| ਸਾਈਜ਼ | 20×10 (200 ਵ.ਫੁਟ) |
| 1 ਯੂਨੀਪੋਲ ਕੀਮਤ | 25000 (ਹਰ ਮਹੀਨੇ) |
| 1 ਵਰਗ ਫੁੱਟ ਦੀ ਕੀਮਤ | 25000/200 = 125 ਰੁਪਏ ਹਰ ਵਰਗ ਫੁੱਟ |
| ਵੱਧ ਇਸਤੇਮਾਲ ਵਿੱਚ ਕੀਤੇ ਗਏ ਵਰਗ ਫੁੱਟ | 60 ਵਰਗ ਫੁੱਟ (ਹਰ ਯੂਨੀਪੋਲ) |
| 1 ਯੂਨੀਪੋਲ ਤੋਂ ਵਸੂਲੀ ਜਾਣ ਵਾਲੀ ਰਕਮ | 60×125=7500 ਰੁਪਏ (ਇੱਕ ਯੂਨੀਪੋਲ ਦੀ) |
| ਵਰਤੋਂ ਦਾ ਸਮਾਂ | 45 ਮਹੀਨੇ |
| ਵਸੂਲੀ ਕਰਨ ਵਾਲੀ ਕੁਲ ਰਾਸ਼ੀ ਦਾ ਹਿਸਾਬ | 26 ਯੂਨੀਪੋਲ×7500 ਕੀਮਤ = 1,95,000/- |
| ਕੁਲ ਰਾਸ਼ੀ | 1,95,000/-×45 ਮਹੀਨੇ = 87,75,000/- |

ਦੂਜੇ ਫੇਰ ਦੇ 33 ਯੂਨੀਪੋਲਾਂ ਦਾ ਹਿਸਾਬ

| | |
|---|---|
| ਕੁਲ ਵਰਤੋਂ ਦਾ ਸਮਾਂ | 12 ਮਹੀਨੇ |
| ਕੁਲ ਯੂਨੀਪੋਲ | 33 ਯੂਨੀਪੋਲ |
| ਹਿਸਾਬ | 33 ਯੂਨੀਪੋਲ×7500 ਕੀਮਤ × 12 ਮਹੀਨੇ = 29,70,000 |
| ਠੇਕੇਦਾਰ ਤੋਂ ਕੁਲ ਵਸੂਲੀ ਜਾਣ ਵਾਲੀ ਰਾਸ਼ੀ (26 ਯੂਨੀਪੋਲ + 33 ਯੂਨੀਪੋਲ | 1,47,15000/- (ਇੱਕ ਕਰੋੜ ਸੰਤਾਲੀ ਲੱਖ ਪੰਦਰਾ ਹਜ਼ਾਰ) |

ਇਕਰਾਰਨਾਮੇ ਦੀ ਸ਼ਰਤ ਨੰ: 22 ਦੇ ਮੁਤਾਬਕ ਠੇਕੇਦਾਰ ਲਈ ਪੰਜਾਬ ਨਗਰ ਨਿਗਮ ਐਕਟ 1976 ਨੂੰ ਮੰਨਣਾ, ਪਾਲਣਾ ਕਰਣੀ ਅਤੇ ਉਸ ਤੇ ਅਮਲ ਕਰਨਾ ਜਰੂਰੀ ਹੈ । ਇਹਦੀ ਉਲੰਘਣਾ ਧਾਰਾ 124 (2) ਦੇ ਮੁਤਾਬਕ ਕਮਿਸ਼ਨਰ ਦੀ ਦਿੱਤੀ ਮੰਜ਼ੂਰੀ ਆਪਣੇ ਆਪ ਹੀ ਮੁਕ ਜਾਂਦੀ ਹੈ । ਕਿਉਂ ਜ਼ੋ ਉਪਰੋਕਤ ਉਲੰਘਣਾ ਤਕਰੀਬਨ ਸਾਰੇ 59 ਯੂਨੀਪੋਲਾਂ ਵਿੱਚ ਕੀਤੀ ਗਈ ਹੈ । ਇਸ ਲਈ ਇਹ ਕੇਸ ਇਕਰਾਰਨਾਮੇ ਦੀ ਸ਼ਰਤ ਨੰ: 36 ਨੂੰ ਲਾਗੂ ਕਰਣ ਲਈ ਕਾਫੀ ਹੈ। ਸ਼ਰਤ ਨੰ: 36 ਦੇ ਮੁਤਾਬਕ ਜੇਕਰ ਠੇਕੇਦਾਰ ਵਲੋਂ ਵੱਡੀ ਉਲੰਘਣਾ ਕੀਤੀ ਜਾਂਦੀ ਹੈ ਤੇ ਉਸ ਨਾਲ ਇਕਰਾਰਨਾਮਾ ਪਹਿਲੇ ਮੌਕੇ ਹੀ ਰੱਦ ਕਰ ਦਿੱਤਾ ਜਾਵੇਗਾ ।

ਦੂਜੇ ਫੇਰ ਵਿੱਚ ਲੱਗੇ 33 ਯੂਨੀਪੋਲਾਂ ਵਿੱਚ ਨਿਯਮਾਂ ਦੀ ਧੱਜੀਆਂ ਉਡਾਉਣ ਦੀ ਰਹੀ-ਸਹੀ ਕਸਰ ਵੀ ਪੂਰੀ ਕਰ ਦਿੱਤੀ ਗਈ । ਹਾਲਾਂਕਿ 33 ਯੂਨੀਪੋਲ ਵੀ 2015 ਬਾਈਲਾਜ਼ ਨਾਲ ਹੀ ਲਗਾਏ ਜਾਣੇ ਬਣਦੇ ਸਨ ।

ਜਦਕਿ 33 ਯੂਨੀਪੋਲ ਵੀ ਪਹਿਲੇ ਦਿੱਤੇ 26 ਯੂਨੀਪੋਲਾਂ ਤਰ੍ਹਾਂ ਹੀ ਐਡਵਰਟਾਈਜ਼ਮੈਂਟ ਬਾਈਲਾਜ਼ 2015 ਦੇ ਅਧੀਨ ਹੀ ਲਗਾਏ ਜਾਣੇ ਸੀ । ਕਿਉਂਕਿ ਇਹ ਠੇਕਾ 2015 ਵਿੱਚ ਹੋਇਆ ਸੀ ਅਤੇ ਉਸ ਸਮੇਂ ਦੇ ਨਿਯਮ ਹੀ ਲਾਗੂ ਹਨ । ਇਕ ਠੇਕੇ ਤੇ ਦੋ ਕਾਨੂੰਨ ਲਾਗੂ ਕਰਨਾ ਵੀ ਘਪਲੇ ਨੂੰ ਢਕਣ ਦੀ ਕੋਸ਼ਿਸ਼/ਪਰਮਾਣ ਹੈ । 2015 ਵਿੱਚ ਅਵਾਰਡ ਦਿੱਤਾ ਹੋਇਆ ਠੇਕਾ 2018 ਪਾਲਸੀ ਦੇ ਅਧੀਨ ਨਹੀਂ ਆਉਂਦਾ ਹੈ ਜਿਸਦਾ ਵੇਰਵਾ ਨਵੀਂ ਬਣੀ ਪਾਲਸੀ ਵਿੱਚ ਵੀ ਸਪਸ਼ਟ ਹੈ । ਇਸ ਕਰਕੇ 59 ਯੂਨੀਪੋਲ ਦੇ ਠੇਕੇ ਦੇ ਮੁਕਣ ਤੱਕ ਬਾਈਲਾਜ਼ 2015 ਹੀ ਲਾਗੂ ਰਹਿਣਗੇ । ਭਾਂਵੇਂਕਿ 2018 ਪਾਲਸੀ ਅਤੇ ਬਾਈਲਾਜ਼ 2018 ਦੇ ਮੁਤਾਬਕ ਵੀ ਚੋਕਾਂ ਤੇ ਬੋਰਡ ਲਗਾਣ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ ਹੈ । ਜਿਸ ਦਾ ਵੇਰਵਾ ਬਾਈਲਾਜ਼ ਦੇ ਕਲਾਜ਼ 4 ਵਿੱਚ ਸਪਸ਼ਟ ਹੈ ।ਨਾ ਹੀ ਇੱਕਠੇ ਕਰਕੇ ਬੋਰਡ ਲਗਾਣ ਦੀ ਇਜਾਜਤ ਹੈ ਕਿਉਂਕਿ ਇਸ ਤਰਾਂ ਦੀ ਉਲੰਘਣਾ ਨੂੰ ਲੋਕਾਂ ਲਈ ਖਤਰਨਾਕ ਕਰਾਰ ਦਿੱਤਾ ਗਿਆ ਹੈ ਅਤੇ ਇਸ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵੀ ਕਈ ਨਿਰਦੇਸ਼ ਹਨ ।

ਦਫ਼ਤਰ ਵਲੋਂ ਠੇਕੇਦਾਰ ਨੂੰ ਦਿੱਤੇ ਗਏ ਨੋਟਿਸ ਮੁਤਾਬਕ 26 ਵਿੱਚੋਂ 21 ਬੋਰਡ ਤੈਸ਼ੁਦਾ ਥਾਂਵਾ ਤੇ ਨਾਂ ਲਾਉਣਾ ਹੀ ਸਾਰੇ ਖੇਲ ਦਾ ਪਰਦਾਫਾਸ਼ ਕਰਦਾ ਹੈ ਕਿਉਂ ਜ਼ੋ ਬੋਰਡ ਨਿਰਧਾਰਤ ਥਾਵਾਂ ਤੇ ਹੀ ਨਹੀਂ ਲਗਾਉਣੇ ਸਨ ਫੇਰ ਤਾਂ 59 ਬੋਰਡ ਪੂਰੇ ਹੀ ਲਗ ਸਕਦੇ ਸਨ ਜਿਸ ਨਾਲ ਨਿਗਮ ਦਾ ਸਿੱਧਾ ਨੁਕਸਾਨ ਹੋਇਆ ਜਿਸਦਾ ਇੱਕ ਉਦਾਹਰਨ ਅਰਬਨ ਅਸਟੇਟ ਫੇਜ਼-2 ਵਿੱਚ ਰੇਲਵੇ ਫਾਟਕ ਨੇੜੇ ਲੱਗੇ ਬੋਰਡ ਹਨ । ਠੇਕੇਦਾਰ ਵਲੋਂ ਇਸ ਸਾਇਟ ਦੀਆਂ ਤਸਵੀਰਾਂ ਤਾਰਾਂ ਦਾ ਬਹਾਨਾ ਦੱਸਿਆ ਸੀ ਜਦਕਿ ਇਸੇ ਪਾਸੇ ਹੋਈ ਸਾਇਟ ਤੋਂ ਹਜਾਰ ਮੀਟਰ ਦੀ ਦੂਰੀ ਤੇ ਉਸ ਵਲੋਂ ਬੋਰਡ ਲਗਾ ਲਿੱਤੇ ਗਏ । ਇਸ ਦਾ ਮਤਲਬ ਇਹ ਹੈ ਕਿ ਆਪਣੇ ਹੀ ਦਿੱਤੇ ਗਏ 20 ਬੋਰਡਾਂ ਦੇ ਇਤਰਾਜ਼ ਵਿੱਚੋਂ ਵੀ 2 ਬੋਰਡ ਠੇਕੇਦਾਰ ਨੇ ਮਨਭਾਉਂਦੀ ਜਗ੍ਹਾ ਤੇ ਲਾਏ ।

ਇਕਰਾਰਨਾਮੇ ਦੀ ਕਲਾਜ਼ ਨੰ: 3 ਅਤੇ ਕਲਾਜ਼ ਨੰ: 22 ਦੇ ਮੁਤਾਬਕ ਵੀ ਮੁਨਸਿਪਲ ਐਕਟ ਅਤੇ ਬਾਈਲਾਜ਼ ਦੀ ਪਾਲਣਾ ਕਰਨ ਦਾ ਪਹਿਲਾ ਫਰਜ਼ ਠੇਕੇਦਾਰ ਦਾ ਹੀ ਹੈ । ਠੇਕੇਦਾਰ ਨੂੰ ਨਿਗਮ ਵਲੋਂ ਦਿੱਤੀ ਗਈ ਡਰਾਇੰਗਾਂ (ਮੋਟੇ ਤੌਰ ਤੇ ਦੱਸੀਆਂ ਥਾਂਵਾਂ) ਅਨੁਸਾਰ ਹੀ ਬੋਰਡ ਅਮਲ ਵਿੱਚ ਲਿਆਣੇ ਸਨ । ਜਿਸ ਨੂੰ ਉਸਨੇ ਨਹੀਂ ਨਿਭਾਇਆ । ਇਸ ਲਈ ਉਹ ਆਪਣੀ ਜਿੰਮੇਵਾਰੀ ਤੋਂ ਪੱਲਾ ਨਹੀਂ ਝਾੜ ਸਕਦਾ ਹੈ । ਨਿਗਮ ਵਲੋਂ ਇੱਕ ਬੰਦੇ ਨੂੰ ਉਨਾਠ (59) ਬੋਰਡਾਂ ਦਾ ਠੇਕਾ ਦੇਣਾ ਹੀ ਬਾਈਲਾਜ਼ ਦੀ ਮੂਲ ਪਾਲਣਾ, ਅਧਾਰ ਅਤੇ ਉਸ ਤੇ ਨਿਯੰਤਰਣ ਕਰਣ ਲਈ ਹੈ ।

ਮੈਂਬਰ-3 ਤਜਵੀਜ਼ ਸ੍ਰੀਮਤੀ ਸ਼ਵੇਤਾ ਧੀਰ ਕਾਊਂਸਲਰ ਵਾਰਡ ਨੰ: 77 ਮੈਂਬਰ ਐਡਵਰਟਾਈਜ਼ਮੈਂਟ ਐਡਹਾਕ ਕਮੇਟੀ, ਨਗਰ ਨਿਗਮ, ਜਲੰਧਰ।

ਮੈਂ ਆਪਣੇ ਸਾਥੀਆਂ ਨਾਲ ਸਹਿਮਤ ਹਾਂ ਕਿ ਲੋਕੀ ਸਾਨੂੰ ਤਾਨੇ ਦਿੰਦੇ ਹਨ ਕਿ ਤੁਹਾਡੀ ਨੱਕ ਥੱਲੇ ਇੱਕ ਵੱਡੀ ਨਿਜੀ ਦੁਕਾਨ ਖੁੱਲੀ ਹੋਈ ਹੈ। ਜ਼ੋ ਨਗਰ ਨਿਗਮ ਦੇ ਬਜਾਏ ਆਪਣੇ ਗੱਲੇ ਭਰਦੀ ਪਈ ਹੈ, ਹੈਰਾਨ ਹਾਂ ਕਿ ਹਾਲ ਵਿੱਚ ਲੱਗੇ 33 ਬੋਰਡਾਂ/ ਯੂਨੀਪੋਲਾਂ ਵਿੱਚ ਵੀ ਪਹਿਲਾਂ ਤੋਂ ਲੱਗੇ 26 ਯੂਨੀਪੋਲਾਂ ਵਾਂਗ ਇਕਰਾਰਨਾਮੇ ਵਿੱਚ ਦਿੱਤੀਆਂ ਗਈਆਂ ਬੋਰਡ ਦਾ ਢਾਂਚਾ/ਫਰੇਮ ਤੇ ਉਸ ਦੇ ਖੰਬੇ ਨੂੰ ਬਣਾਉਣ ਦੀਆਂ ਸ਼ਰਤਾਂ, ਸਪੈਸੀਫੀਕੇਸ਼ਨਜ਼ ਦੀ ਪਾਲਣਾ ਨਹੀਂ ਕੀਤੀ ਗਈ ਹੈ। ਕਮੇਟੀ ਦੀ ਚੇਅਰਮੈਨ ਵੱਲੋ ਵਖਾਈ ਗਈ 2019 ਦੀ ਇਨਕੁਆਰੀ ਕਮੇਟੀ ਦੀ ਰਿਪੋਰਟ ਵਿੱਚ ਵੀ ਯੂਨੀਪੋਲਾਂ ਦੇ ਫਰੇਮ/ ਸਟਰਕਚਰ ਨੂੰ ਬਣਾਉਣ ਲਈ ਵਰਤੀਆਂ ਗਿਆ ਸਮਾਨ/ ਮਟੀਰੀਅਲ ਸਪੈਸੀਫੀਕੇਸ਼ਨ ਤੋਂ ਭਿੰਨ ਪਾਇਆ ਗਿਆ ਸੀ।

ਕਿਉਂਕਿ ਬਣਾਏ ਗਏ ਯੂਨੀਪੋਲਾਂ ਦੇ ਢਾਂਚੇਂ ਦੇ ਡਿਜਾਇਨ ਹਰ ਜਗ੍ਹਾ ਵੱਖ ਪਾਏ ਗਏ ਹਨ, ਕਿੱਤੇ ਜਾਂ ਤਾਂ ਝੰਡੇ ਦੀ ਤਰ੍ਹਾਂ ਲਗਾਏ ਗਏ ਹਨ ਜਿਸ ਦਾ ਖੰਭਾ ਫਰੇਮ ਦੇ ਇੱਕ ਪਾਸੇ ਹੈ, ਜਦਕਿ ਕਿਤੇ ਫਰੇਮ ਦਾ ਖੰਬਾ ਜਾਂ ਤਾਂ ਬਹੁਤ ਲੰਬਾ, ਲੱਗਭੱਗ 25 ਫੁੱਟ ਦਾ ਹੈ, ਤੇ ਕਿਤੇ ਸਿਰਫ 5 ਫੁੱਟ ਦਾ ਹੈ। ਕਿਤੇ ਢਾਂਚਾ ਸੰਘਣਾ ਹੈ ਅਤੇ ਕਿਤੇ ਵਿਰਲਾ ਹੈ। ਕਿਤੇ-ਕਿਤੇ ਤਾਂ ਢਾਂਚੇ ਪੁਰਾਣੇ ਮਟੀਰੀਅਲ ਨਾਲ ਜ਼ੋੜ-ਤੋੜ ਕੇ ਬਣਾਏ ਗਏ ਹਨ। ਜਰੂਰੀ ਤੋਰ ਤੇ ਲਗਾਏ ਜਾਣ ਵਾਲੇ ਸਟੀਲ ਦੀ ਜੀ.ਪੀ. ਸ਼ੀਟ ਵੀ ਕਈ ਬੋਰਡਾ ਤੇ ਨਹੀਂ ਲੱਗੀ ਹੋਈ ਹੈ। ਇੱਥੋ ਤੱਕ ਕੇ ਢਾਂਚਾ ਖੜਾ ਕਰਨ ਵਾਸਤੇ ਪੁਰਾਣੇ ਠੇਕੇਦਾਰਾਂ ਦੀਆਂ ਛੱਡੀਆਂ ਹੋਈਆਂ ਨੀਆਂ ਦਾ ਇਸਤੇਮਾਲ ਕੀਤਾ ਗਿਆ ਹੈ।

ਇਕਰਾਰਨਾਮੇ ਦੀ ਕਲਾਜ਼ ਨੰ: 11 ਵਿੱਚ ਢਾਚਾਂ ਬਣਾਉਣ ਲਈ ਸਾਰੀਆਂ ਸ਼ਰਤਾਂ, ਸਪੈਸੀਫੀਕੇਸ਼ਨਾਂ, ਮਾਪਦੰਡ ਜਾਹਿਰ ਹਨ ਤੇ ਕਲਾਜ਼ ਨੰ:3 ਵਿੱਚ ਠੇਕੇਦਾਰਾਂ ਵੱਲੋ ਇਹਨਾਂ ਸਪੈਸੀਫੀਕੇਸ਼ਨ ਨੂੰ ਮਨਣਾ ਜਰੂਰੀ ਵੀ ਬਣਾਇਆ ਗਿਆ ਹੈ। ਜਦ ਕਿ ਟੈਂਡਰ ਦੀਆਂ "Terms and Conditions Number 11" ਦੇ ਮੁਤਾਬਕ ਕਾਮਯਾਬ ਬੋਲੀਕਰਤਾ ਵੱਲੋ ਯੂਨੀਪੋਲਾਂ/ਬੋਰਡ ਦੇ ਸਾਰੇ ਢਾਂਚੇ ਇੱਕੋ ਜਿਹੇ ਡਿਜ਼ਾਇਨ ਇੱਕੋ ਜਿਹੇ ਸਾਇਜ਼ ਦੇ ਬਣਾਉਣੇ ਜਰੂਰੀ ਸਨ। ਜਦਕਿ ਇਸ ਸ਼ਰਤ ਨੂੰ ਹੀ ਨੂੰ ਇਕਰਾਰਨਾਮੇ ਵਿੱਚ ਨਹੀਂ ਪਾਇਆ ਗਿਆ। ਲੇਕਿਨ ਠੇਕੇਦਾਰ ਵੱਲੋ ਵੱਖ-ਵੱਖ ਡਿਜਾਇਨ ਅਤੇ ਝੰਡੇ ਦੀ ਸ਼ਕਲ ਦੇ ਢਾਂਚੇ ਲਾ ਦਿੱਤੇ ਗਏ ਹਨ।

ਇੱਥੇ ਇਹ ਦੱਸਿਆ ਜਾਣਾ ਬੜਾ ਜਰੂਰੀ ਬਣਦਾ ਹੈ ਕਿ ਟੈਂਡਰ ਬੀ.ਓ.ਟੀ. ਹੈ। ਜਿਸ ਦਾ ਮਤਲਬ ਹੈ ਕਿ ਠੇਕਾ ਪੂਰਾ ਹੋਣ ਤੇ ਸਾਡੀ ਨਗਰ ਨਿਗਮ ਇਹਨਾਂ ਢਾਂਚਿਆਂ ਦੀ ਮਾਲਕ ਬਣ ਜਾਵੇਗੀ। ਲੱਗੇ ਢਾਂਚੇ ਵੀ ਇੱਕ ਤਰ੍ਹਾਂ ਨਾਲ ਟੈਂਡਰ ਦੀ ਕੀਮਤ ਦਾ ਹਿੱਸਾ ਸਨ। ਇਸ ਕਰਕੇ ਇਨ੍ਹਾਂ ਨੂੰ ਬਣਾਉਣ ਵਿੱਚ ਵਰਤੀ ਗਈ ਕੋਈ ਵੀ ਕੁਤਾਹੀ ਬਰਦਾਸ਼ਤ ਕਰਨੀ ਨਹੀਂ ਸੀ ਬਣਦੀ।

(ੳ) ਢਾਂਚੇ ਵੱਖ-ਵੱਖ ਡਿਜਾਇਨ ਦੇ ਹਨ। ਇਸ ਕਰਕੇ ਠੇਕੇਦਾਰਾਂ ਵੱਲੋ ਸਟਰਕਚਰਲ ਸਟੇਬਿਲਟੀ ਸਰਟੀਫੀਕੇਟ ਵੀ ਵੱਖ-ਵੱਖ ਲੈਣਾ ਤੇ ਜਮ੍ਹਾਂ ਕਰਵਾਉਣਾ ਬਣਦਾ ਸੀ। ਜਿਵੇ ਕਿ ਖਾਲਸਾ ਕਾਲਜ਼, ਬੱਸ ਸਟੈਂਡ, ਬੀ.ਐਮ.ਸੀ. ਚੌਂਕ ਦੇ ਨੇੜੇ ਲੱਗੇ ਬੋਰਡਾਂ ਦੇ ਖੰਬਿਆਂ ਦਾ ਕੱਦ ਜਮੀਨ ਤੋਂ 20 ਤੋਂ 25 ਫੁੱਟ ਤੱਕ ਹੈ। ਜਦ ਕਿ ਉਨ੍ਹਾਂ ਨੂੰ ਖੜੇ ਕਰਨ ਲਈ ਬਣਾਈਆਂ ਗਈਆਂ ਨੀਆਂ 10 ਫੁੱਟ ਕਦ ਵਾਲੇ ਖੰਬੇ ਦੇ ਬੋਰਡਾ ਵਾਲੀਆਂ ਹਨ। ਅਰਬਨ ਅਸਟੇਟ ਗੜ੍ਹੇ ਫਾਟਕ ਦੇ ਨੇੜੇ ਚੌਂਕ ਤੇ ਲੱਗੇ ਯੂਨੀਪੋਲ ਦੇ ਖੰਬਿਆਂ ਦਾ ਕੱਦ ਮਹਿਜ਼ ਪੰਜ ਫੁੱਟ ਹੀ ਹੈ। ਇਸੇ ਤਰਾਂ ਅਮਰਦਾਸ ਚੌਂਕ ਤੇ ਇੱਕ, ਨਿਕੂ ਪਾਰਕ ਦੇ ਬਾਹਰ ਇੱਕ ਸਤਲੁਜ਼ ਸਿਨੇਮਾ ਦੇ ਬਾਹਰ ਇੱਕ, ਪਿਮਸ ਹਸਪਤਾਲ ਦੇ ਬਾਹਰ ਇੱਕ ਅਤੇ ਰੋਡਵੇਜ਼ ਦੇ ਦਫ਼ਤਰ ਦੇ ਬਾਹਰ ਇੱਕ ਝੰਡੇ ਤਰ੍ਹਾਂ ਲੱਗੇ ਯੂਨੀਪੋਲ ਢਾਂਚੇ ਦਾ ਸਬੂਤ ਹਨ। ਜਿਸ ਵਿੱਚ ਖੰਬਾ ਬੋਰਡ ਦੇ ਫਰੇਮ ਦੇ ਇੱਕ ਕੰਢੇ ਹੈ ਅਤੇ ਫਰੇਮ ਨੂੰ ਸਾਂਭਣ ਲਈ ਆੜ-ਜੁਗਾੜ ਦੀਆਂ ਸਪੋਰਟਾਂ ਟੇਡੀਆਂ ਕਰਕੇ ਲਾਈਆਂ ਹੋਈਆਂ ਹਨ। ਜ਼ੋ ਖਤਰਨਾਕ ਹੋਣ ਦੇ ਨਾਲ ਹੀ ਭੱਦੀਆਂ ਨਜ਼ਰ ਆਉਂਦੀਆਂ ਹਨ। ਜਿਸ ਦਾ ਉਦਾਹਰਨ ਬਸ-ਸਟੈਂਡ ਗੜ੍ਹਾਂ ਰੋਡ ਚੌਂਕ ਦੀ ਨੁਕਰ ਤੇ ਲੱਗਾ ਟਰੈਫਿਕ ਸਿਗਨਲ ਉੱਤੇ ਹੀ ਚੜਾਇਆ ਗਿਆ ਯੂਨੀਪੋਲ ਹੈ। ਜਦਕਿ ਗੀਤਾ ਮੰਦਿਰ ਤੇ ਨਿਕੂ ਪਾਰਕ ਵਾਲੇ ਯੂਨੀਪੋਲ ਦਾ ਢਾਂਚਾ ਪੂਰਾ ਹੀ ਸੜ੍ਹਕ ਦੇ ਉੱਤੇ ਆਉਂਦਾ ਹੈ।

ਮਾਡਲ ਟਾਊਨ ਮਾਰਕਿਟ ਵਿੱਚ ਪਰਕਾਸ਼ ਬੇਕਰੀ ਦੇ ਸਾਹਮਣੇ ਲੱਗੇ ਬੋਰਡਾਂ ਦਾ ਢਾਂਚਾ ਵੀ ਠੇਕੇਦਾਰ ਵੱਲੋ ਲਾਏ ਗਏ ਕੁੱਝ ਹੋਰ ਢਾਂਚਿਆਂ ਤਰ੍ਹਾਂ ਹੀ ਪੁਰਾਣਾ ਹੈ। ਜ਼ੋ ਕਿ 11 ਸਾਲ ਵਰਤੇ ਹੋਏ ਪੁਰਾਣੇ ਠੇਕੇਦਾਰ ਦੇ ਹੀ ਨਿਗਮ ਨਾਲ ਠੱਗੀ ਕਰਕੇ ਲਾ ਦਿੱਤੇ ਗਏ ਹਨ। ਜੇਕਰ ਇਸ ਦੀਆਂ ਨੀਆਂ ਵਿੱਚ ਲੱਗੇ ਨਟ-ਬੋਲਟ ਨੂੰ ਗੋਰ ਨਾਲ ਵੇਖਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਉਹ ਵੀ ਪੁਰਾਣੇ ਕੱਟੇ-ਵੱਢੇ ਹਨ। ਜਿਨ੍ਹਾਂ ਵਿੱਚ ਟਾਂਕਾ-ਜੁਗਾੜ ਨਾਲ ਲਾ ਕੇ ਜਨਤਾ ਦੀ ਜਾਨ ਨੂੰ ਖਤਰੇ ਵਿੱਚ ਪਾਇਆ ਗਿਆ ਹੈ। ਬੜੇ ਸ਼ਰਮ ਦੀ ਗੱਲ ਹੈ ਕਿ ਇੱਢਾ ਵੱਢਾ ਮਹਿਕਮਾਂ ਤੇ ਟੀਮ ਹੋਣ ਦੇ ਬਾਵਜੂਦ ਇਹ ਵਾਕਿਆ ਕਦੇ ਵੀ ਮੁਲਾਜਮਾਂ ਵੱਲੋ ਦਫ਼ਤਰ ਵਿੱਚ ਰਿਪੋਰਟ ਨਹੀਂ ਕੀਤਾ ਗਿਆ। ਜਦਕਿ

ਇਕਰਾਰਨਾਮੇ ਦੀ ਸ਼ਰਤ ਨੰ:24 ਮੁਤਾਬਕ ਹਰ ਛੇ (6) ਮਹੀਨੇ ਵਿੱਚ ਕਮਿਸ਼ਨਰ ਨਗਰ ਨਿਗਮ ਵੱਲੋ ਬੋਰਡਾਂ ਦੇ ਲੱਗੇ ਢਾਂਚੇ ਤੇ ਰਿਪੋਰਟਾਂ ਕਰਾਣੀਆਂ ਜਰੂਰੀ ਸਨ। ਜਿਸ ਨਾਲ ਸੁਰੱਖਿਆ ਤੇ ਬਾਈਲਾਜ਼ ਦੀ ਪਾਲਣਾ ਯਕੀਨੀ ਬਣਾਈਆਂ ਜਾਣੀਆਂ ਸਨ।

ਜਦਕਿ ਕਮਿਸ਼ਨਰ, ਵਿਗਿਆਪਣ ਸ਼ਾਖਾ, S.E. (B&R) ਨੇ ਇਹ ਸ਼ਰਤ ਦੀ ਪਾਲਣਾ ਕਰਣ ਦੇ ਬਜਾਏ ਇਸਨੂੰ ਖੁੱਦ ਹੀ ਫਾਈਲ ਦਫ਼ਨ ਕਰਕੇ ਰੱਖੀਆਂ ਹੋਈਆਂ ਹਨ। ਕਿਉਂਕਿ ਇਨਸਪੈਕਸ਼ਨ ਦੀ ਡਿਊਟੀ ਖੁਦ ਨਗਰ ਨਿਗਮ ਕਮਿਸ਼ਨਰ ਵੱਲੋ ਲਗਾਈ ਜਾਣੀ ਸੀ। ਇਸ ਕਰਕੇ ਖਤਰਨਾਕ ਲੱਗੇ ਢਾਂਚਿਆਂ ਦੇ ਜੁੰਮੇਵਾਰ ਪਹਿਲਾਂ ਤੇ ਹੁਣ ਵਾਲੇ ਕਮਿਸ਼ਨਰ ਵੀ ਹਨ।

(ਅ) ਕਮਜ਼ੋਰ/ਹਲਕੀਆਂ/ਛੋਟੀਆਂ ਨੀਆਂ ਜ਼ੋ ਕਿ 10 ਫੁੱਟ ਕੱਦ ਵਾਲੇ ਯੂਨੀਪੋਲਾਂ ਲਈ ਸੀ, ਉਨ੍ਹਾਂ ਤੇ 25 ਫੁੱਟ ਉੱਚੇ ਬੋਰਡ ਖੜੇ ਕਰ ਦਿੱਤੇ ਗਏ ਹਨ ਜ਼ੋ ਕਿ ਕਦੇ ਵੀ ਡਿੱਗ ਸਕਦੇ ਹਨ।

(ੲ) ਇਕਰਾਰਨਾਮਾ ਵੀ 4 ਮੀਟਰ ਤੋਂ ਉੱਚਾ ਖੰਬਾ ਯੂਨੀਪੋਲਾਂ ਦੇ ਫਰੇਮ ਤੇ ਲਗਾਉਣ ਦੀ ਇਜਾਜਤ ਨਹੀਂ ਦਿੰਦਾ ਹੈ।

ਨਿਗਮ ਦਾ ਪਹਿਲਾ ਫਰਜ਼ ਜਨਤਾ ਦੀ ਸੁਰੱਖਿਆ ਦਾ ਹੁੰਦਾ ਹੈ। ਆਮਦਨ ਬਾਅਦ ਵਿੱਚ ਵੇਖੀ ਜਾਣੀ ਬਣਦੀ ਹੈ। ਇਸ ਕਰਕੇ ਇਸ ਇਕਰਾਰਨਾਮੇ ਨੂੰ ਰੱਦ ਕਰਕੇ ਜਲਦ ਤੋ ਜਲਦ ਖਤਰਨਾਕ ਢਾਂਚੇ ਲਾਹ ਦਿੱਤੇ ਜਾਣੇ ਚਾਹੀਦੇ ਹਨ। ਜੇਕਰ ਲੋਕਾਂ ਦੀ ਜਾਨ ਲਈ ਖਤਰਾ ਬਣੇ ਖਤਰਨਾਕ ਢਾਚਿਆਂ ਬਾਰੇ ਕੋਈ ਵੀ ਇੰਸਪੈਕਸ਼ਨ ਸ਼ਰਤ ਨੰ.24 ਮੁਆਇਨਾਂ ਰਿਪੋਰਟ ਸ਼ੁਰੂ ਤੋਂ ਲੈ ਕੇ ਅੱਜ ਤੱਕ ਨਿਗਮ ਕਮਿਸ਼ਨਰ ਵੱਲੋ ਹੋਈ ਹੈ ਤੇ ਹਾਊਸ ਵਿੱਚ ਪੇਸ਼ ਕੀਤੀ ਜਾਵੇ। ਨਿਗਮ ਕਮਿਸ਼ਨਰ ਖੁਦ ਆਪਣੀ ਨਿੱਜੀ ਰਿਪੋਰਟ ਵਿੱਚ ਢਾਂਚਿਆਂ ਦਾ ਮੌਜੂਦਾ ਸਟੇਟਸ ਦੇਣ ਅਤੇ ਆਪਣੀ ਰਿਪੋਰਟ ਰਾਹੀਂ ਹਾਊਸ ਨੂੰ ਆਸ਼ਵਸਤ ਕਰਨ ਅਤੇ ਘੋਸ਼ਿਤ ਕਰਨ ਕਿ ਢਾਂਚੇ ਖਤਰਨਾਕ ਨਹੀਂ ਹਨ ਤੇ ਢਾਂਚੇ ਬੋਰਡ ਬਾਈਲਾਂਜ਼ ਦੇ ਮੁਤਾਬਿਕ ਲੱਗੇ ਹੋਏ ਹਨ। ਇਸ ਦੇ ਨਾਲ ਇਹ ਵੀ ਪ੍ਰਮਾਣਿਤ ਕਰਨ ਕਿ ਸਾਰੇ ਢਾਂਚੇ ਇੱਕੋ ਜਿਹੇ ਅਤੇ ਇਕਰਾਰਨਾਮੇ ਦੀ ਸ਼ਰਤ ਨੰ: 11 ਵਿੱਚ ਦਿੱਤੀਆਂ ਸਪੈਸੀਫਿਕੇਸ਼ਨਾਂ ਤੇ ਮੁਤਾਬਕ ਹੀ ਬਣੇ ਹੋਏ ਹਨ। ਜੇਕਰ ਕਮਿਸ਼ਨਰ ਇਹ ਨਹੀਂ ਕਰ ਪਾਂਦੇ ਤਾਂ ਹਾਉਸ ਇਸਤੇ ਵਿਚਾਰ ਕਰਕੇ ਠੇਕੇਦਾਰ ਵੱਲੋ ਕੀਤੀਆਂ ਇਨ੍ਹਾਂ ਉਲੰਘਣਾਵਾਂ ਨੂੰ ਆਦਾਰ ਮੰਨ ਕੇ ਉੱਚਿਤ ਫੈਸਲਾ ਲਵੇ।

**ਮੈਂਬਰ-4 ਪਵਨ ਕੁਮਾਰ ਕਾਉਂਸਲਰ ਵਾਰਡ ਨੰ.30 ਜਿਸ ਦੀ ਤਸਦੀਕ ਸ਼੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ ਵਾਰਡ ਨੰ.68 ਨੇ ਕੀਤੀ ਹੈ।**

ਇਸ ਹੋਏ ਟੈਂਡਰ ਵਿੱਚ ਸਭ ਤੋ ਗੰਭੀਰ ਮਸਲਾ ਤਾਂ ਠੇਕੇਦਾਰ ਨਾਲ ਹੋਏ ਇਕਰਾਰਨਾਮੇ ਦਾ ਹੈ ਜਿਸ ਵਿੱਚ ਵੱਡੇ ਪੱਧਰ ਤੇ ਹੇਰਾ ਫੇਰੀ ਅਤੇ ਅਨਿਯਮਤਾਵਾਂ ਹਨ ਜ਼ੋ ਕਿ ਨਿਗਮ ਨਾਲ ਹੋਇਆ ਇਕ ਫਰਾਡ ਹੈ। ਫਾਇਲ ਦੇਖਣ ਤੋਂ ਬਾਅਦ ਇਹ ਪਤਾ ਲੱਗਾ ਹੈ ਕਿ ਇਹ ਇਤੇਫਾਕ ਨਹੀਂ ਹੈ ਕਿ ਸਬੰਧਤ ਸਾਰੇ ਵੱਡੇ ਅਧਿਕਾਰੀ ਅਫ਼ਸਰ ਆਪਣੀ ਜਿੰਮੇਵਾਰੀ ਤੇ ਆਪਣੀ ਕਾਰਗੁਜ਼ਾਰੀ ਆਪਣੇ ਤੋਂ ਛੋਟੇ ਅਧਿਕਾਰੀਆਂ ਤੇ ਪਾਉਂਦੇ ਨਜ਼ਰ ਆਉਂਦੇ ਹਨ। ਜਿਵੇ ਕਿ ਕਮਿਸ਼ਨਰ ਸੰਯੁਕਤ ਕਮਿਸ਼ਨਰ ਨੂੰ ਇਕਰਾਰਨਾਮਾ ਦਸਤਖ਼ਤ ਕਰਨ ਨੂੰ ਕਹਿ ਰਹੇ ਹਨ। ਨਿਗਮ ਦੇ ਕਾਨੂੰਨੀ ਸਲਾਹਕਾਰ (ਲੀਗਲ ਅਡਵਾਈਜ਼ਰ) ਅਨਜਾਨ ਬਣ ਕੇ ਆਪਣੀ ਜਿੰਮੇਵਾਰੀ ਲੀਗਲ ਸਹਾਇਕ (ਲੀਗਲ ਅਸਿਸਟੈਂਟ) ਤੇ ਪਾਉਂਦੇ ਹਨ।

ਇੱਥੇ ਇਹ ਦੱਸਿਆ ਜਾਣਾ ਬਹੁਤ ਜਰੂਰੀ ਹੈ ਕਿ ਟੈਂਡਰ ਖੁੱਲਣ ਤੋਂ ਸੱਤ (7) ਦਿਨਾਂ ਦੇ ਵਿੱਚ ਠੇਕੇਦਾਰ ਨਾਲ ਇਕਰਾਰਨਾਮਾ ਕਰਨਾ ਜਰੂਰੀ ਸੀ। ਲੇਕਿਨ ਕਮਿਸ਼ਨਰ ਨੇ ਸੱਤ ਮਹੀਨੇ ਦਾ ਟਾਇਮ ਬਿਨ੍ਹਾਂ ਹਾਊਸ ਦੀ ਮੰਜ਼ੂਰੀ ਦੇ ਆਪਣੇ ਪੱਧਰ ਤੇ ਹੀ ਫੈਸਲਾ ਲੈ ਕੇ ਖਰਾਬ ਕਰ ਦਿੱਤਾ ਅਤੇ ਉਸ ਤੋਂ ਬਾਅਦ 59 ਯੂਨੀਪੋਲਾਂ ਦੇ ਪਾਸ ਟੈਂਡਰ ਤੇ ਤਖਮੀਨੇ ਨੂੰ ਫਾਈਨਾਂਸ ਐਂਡ ਕੰਟਰੈਕਟਸ ਕਮੇਟੀ (ਐਫ.ਐਂਡ.ਸੀ.ਸੀ.) ਦੀ ਬਿਨ੍ਹਾਂ ਇਜਾਜਤ ਦੇ ਹੀ 26 ਯੂਨੀਪੋਲਾਂ ਦਾ ਬਣਾਣ ਦਾ ਫਰਮਾਣ ਜਾਰੀ ਕਰ ਦਿੱਤਾ। ਠੇਕੇਦਾਰ ਨੇ ਮਿਤੀ 4.7.2016, 29.7.2016 ਅਤੇ ਵੱਖ ਵੱਖ ਪੱਤਰਾਂ ਰਾਹੀਂ ਸਿਰਫ 20 ਯੂਨੀਪੋਲ ਸਇਟਾਂ ਤੇ ਹੀ ਇਤਰਾਜ ਜਤਲਾਇਆ ਸੀ। ਯਾਨੀ 39 ਯੂਨੀਪੋਲ ਲਗ ਸਕਦੇ ਸਨ। ਫਿਰ ਕਮਿਸ਼ਨਰ ਵੱਲੋ 26 ਯੂਨੀਪੋਲ ਹੀ ਲਗਵਾਉਣ ਦਾ ਫੈਸਲਾ ਕਿਸ ਆਧਾਰ ਤੇ ਲਿੱਤਾ ਗਿਆ। ਜਿਸ ਨਾਲ ਨਿਗਮ ਨੂੰ ਇੰਨ੍ਹਾਂ ਭਾਰੀ ਨੁਕਸਾਨ ਹੋਇਆ। ਮਜੇਦਾਰ ਗੱਲ ਇਹ ਹੈ ਕਿ ਕਮਿਸ਼ਨਰ ਵੱਲੋ ਸਾਰੇ ਫੈਸਲੇ ਆਪਣੇ ਹੀ ਪੱਧਰ ਤੇ ਲੈਣ ਤੋਂ ਬਾਅਦ ਇਕਰਾਰਨਾਮੇ ਨੂੰ ਦਸਤਖ਼ਤ ਕਰਣ ਲਈ ਸੰਯੁਕਤ ਕਮਿਸ਼ਨਰ (ਜੁਆਇੰਟ ਕਮਿਸ਼ਨਰ) ਨੂੰ ਕਹਿ ਦਿੱਤਾ ਗਿਆ। ਜਿਸ ਦੇ ਦਫ਼ਤਰੀ ਨੋਟ ਅਤੇ ਆਦੇਸ਼ ਅਸਲ ਫਾਇਲ ਵਿੱਚ ਉਪਲੱਬਧ ਹਨ। ਇਸੇ ਤਰ੍ਹਾਂ ਲੀਗਲ ਸੈਕਸ਼ਨ ਵਿੱਚ ਇਕਰਾਰਨਾਮੇ ਦੀ ਮੰਜ਼ੂਰੀ ਲੈਣ ਲਈ ਭੇਜੀ ਗਈ ਫਾਇਲ ਨੂੰ ਇੱਕ ਛੋਟੇ ਸਹਾਇਕ (ਲੀਗਲ ਅਸਿਸਟੈਂਟ) ਤੋਂ ਹੀ ਪਾਸ ਕਰਵਾ ਲਿੱਤਾ ਗਿਆ। ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕਿ ਲੀਗਲ ਕਾਨੂੰਨੀ ਸਲਾਹਕਾਰ (ਲੀਗਲ ਅਡਵਾਈਜ਼ਰ) ਹੀ ਲੀਗਲ ਸੈਕਸ਼ਨ ਦੇ ਮਾਮਲਿਆਂ ਦਾ ਜਿੰਮੇਦਾਰ ਹੈਡ ਹੁੰਦਾ ਹੈ। ਇਸ ਕਰਕੇ ਐਲ.ਏ. ਆਪਣੀ ਜਿੰਮੇਵਾਰੀ ਤੋਂ ਭੱਜ ਨਹੀਂ ਸਕਦੇ ਹਨ।

ਇਕਰਾਰਨਾਮੇ ਨੂੰ ਬਣਾਣ ਦੀ ਪਹਿਲੀ ਜਿੰਮੇਵਾਰੀ ਵਿਗਿਆਪਣ ਸ਼ਾਖਾ ਦੀ ਸੀ। ਜਦ ਕਿ ਸੁਪਰਿਟੈਂਡੈਂਟ ਵੱਲੋ ਮਿਤੀ 28.12.2016 ਰਾਹੀਂ ਠੇਕੇਦਾਰ ਦੇ ਬਣਾਏ ਪੇਸ਼ ਕੀਤੇ ਇਕਰਾਰਨਾਮੇ, ਸ਼ਰਤਾਂ ਨੂੰ ਹੀ ਸੰਯੁਕਤ ਕਮਿਸ਼ਨਰ ਦੀ ਮੰਜ਼ੂਰੀ ਲਈ ਪੇਸ਼ ਕਰ ਦਿੱਤਾ। ਸੰਯੁਕਤ ਕਮਿਸ਼ਨਰ ਵੱਲੋ ਐਲ.ਏ. ਨੂੰ ਭੇਜੇ ਗਏ ਇਕਰਾਰਨਾਮੇ ਦੀ ਮੰਜ਼ੂਰੀ ਲੀਗਲ ਸਹਾਇਕ (ਲੀਗਲ ਅਸਿਸਟੈਂਟ) ਤੋਂ ਹੀ ਕਰਾ ਲਿੱਤੀ ਗਈ। ਇੱਥੇ ਤੱਕ ਕਿ ਲੀਗਲ ਸਹਾਇਕ ਨੇ ਇਹ ਘੋਸ਼ਿਤ ਕੀਤਾ ਕਿ ਬਣਾਏ ਗਏ ਇਕਰਾਰਨਾਮੇ ਦੀਆਂ ਸ਼ਰਤਾਂ ਅਤੇ ਟੈਂਡਰ ਦੀਆਂ ਸ਼ਰਤਾਂ ਆਪਸ ਵਿੱਚ ਮੇਲ ਖਾਂਦੀਆਂ ਹਨ। ਜਦਕਿ ਲੀਗਲ ਐਡਵਾਈਜ਼ਰ, ਇਨਕਵਾਇਰੀ ਕਮੇਟੀ ਇਸ਼ ਹੇਰਾਫੇਰੀ ਨੂੰ ਆਪਣੀ ਰਿਪੋਰਟ ਵਿੱਚ ਮੰਨਦੇ ਹਨ।

ਮਿਤੀ 1.7.2019 ਨੂੰ ਦੁਬਾਰਾ ਬਣੀ ਪੜਤਾਲ ਕਮੇਟੀ ਨੇ ਵੀ ਆਪਣੀ ਰਿਪੋਰਟ ਵਿੱਚ ਇਹ ਘੋਸ਼ਿਤ ਕੀਤਾ ਕਿ ਦਿੱਤਾ ਗਿਆ ਇਕਰਾਰਨਾਮਾ ਜਾਰੀ ਟੈਂਡਰ ਦੀਆਂ ਸ਼ਰਤਾਂ ਅਤੇ ਪਾਸ ਕੀਤੇ ਗਏ ਡਰਾਫਟ ਐਗਰੀਮੈਂਟ ਨਾਲ ਮੇਲ ਨਹੀਂ ਖਾਂਦੀਆਂ ਹਨ। ਉਸ ਵਾਸਤੇ ਪੋਇੰਟ-ਦਰ ਪੋਇੰਟ ਟੇਬਲ ਬਣਾ ਕੇ ਆਪਣੀ ਰਿਪੋਰਟ ਪੜਤਾਲ ਕਮੇਟੀ ਨੇ ਪੇਸ਼ ਕੀਤੀ ਸੀ। ਇਸ ਰਿਪੋਰਟ ਦੀ ਕਾਪੀ ਮੇਰੇ ਕੋਲ ਹੈ। ਅੱਜ ਟੈਂਡਰ ਨੂੰ ਲੱਗਭੱਗ ਚਾਰ ਸਾਲ ਦਾ ਸਮਾਂ ਬੀਤ ਚੁੱਕਾ ਹੈ ਅਤੇ ਰਿਪੋਰਟ ਮਿਲਣ ਦੇ ਬਾਵਜੂਦ, ਸਬੂਤ ਸਾਹਮਣੇ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ ਹੈ। ਬਲਕਿ ਜਿੰਮੇਵਾਰੀ L.A. ਤੋਂ ਡੀ.ਸੀ.ਐਫ.ਏ. ਤੋਂ ਸੁਪਰਡੈਂਟ ਤੇ ਪਾਣ ਦਾ ਖੇਲ ਚੱਲ ਰਿਹਾ ਹੈ। ਮਾਮਲੇ ਨੂੰ ਭਟਕਾਣ ਲਈ ਕਈ ਤਰ੍ਹਾਂ ਤੇ ਆਫਿਸ ਨੋਟ ਉਸ ਦੇ ਸਾਕਸ਼ੀ ਹਨ। ਭਿੰਨ-ਭਿੰਨ ਹਥਕੰਡੇ ਆਪਣਾ ਕੇ ਮਾਮਲੇ ਨੂੰ ਭਟਕਾਣ ਵਾਸਤੇ ਉਸਦੇ ਫਾਈਦੇ ਨੁਕਸਾਨ ਦੇਖੇ ਜਾ ਰਿਹੇ ਹਨ। ਮੁੱਖ ਤੋਰ ਤੇ ਬਦਲਦੀਆਂ ਹੋਈਆਂ ਸ਼ਰਤਾਂ ਇਸ ਤਰਾਹ ਹਨ :-

1. ਟੈਂਡਰ ਦੀ ਸ਼ਰਤ ਨੰ.48 ਦੇ ਮੁਤਾਬਿਕ ਨਿਗਮ ਵੱਲੋ ਕਦੇ ਵੀ ਬਿਨ੍ਹਾਂ ਕੋਈ ਕਾਰਣ ਦੱਸੋ ਦੋ ਮਹੀਨੇ ਦੇ ਨੋਟਿਸ ਤੇ ਟੈਂਡਰ ਇਕਰਾਰਨਾਮਾ ਰੱਦ ਕੀਤਾ ਜਾ ਸਕਦਾ ਸੀ। ਪਰ ਇਹ ਸ਼ਰਤ ਹੀ ਦਿੱਤੇ ਗਏ ਇਕਰਾਰਨਾਮੇ ਤੋਂ ਉੜਾ ਦਿੱਤੀ ਗਈ। ਜ਼ੋ ਕਿ ਨਿਗਮ ਦੇ ਹੱਥ ਵੱਡਣ ਸਮਾਨ ਹੈ।

2. ਟੈਂਡਰ ਦੀ ਸ਼ਰਤ ਨੰ.38 ਜ਼ੋ ਕਿ ਬਿਜਲੀ ਕੁਨੈਕਸ਼ਨ ਲੈਣ ਬਾਰੇ ਸੀ, ਨੂੰ ਬੜੀ ਚਲਾਕੀ ਨਾਲ ਬਦਲ ਕੇ ਇਕਰਾਰਨਾਮੇ ਦੀ ਕੰਡੀਸ਼ਨ ਨੰ.28 ਤੇ ਬਣਾਇਆ ਗਿਆ ਹੈ। ਜਿਸ ਵਿੱਚ ਠੇਕੇਦਾਰ ਵੱਲੋ ਨਿਗਮ ਨੂੰ ਹਰ

ਮਹੀਨੇ ਦਿੱਤੀ ਜਾਣ ਵਾਲੀ ਜਮਾਯੋਗ ਰਾਸ਼ੀ ਇੱਕ -ਤਿਹਾਈ (ਤੀਜੀ ਪੱਤੀ) ਕਰਣ ਵਾਸਤੇ ਸ਼ਰਤ ਜੋੜ ਦਿੱਤੀ ਗਈ ਹੈ। ਜਿਸ ਦਾ ਨਿਗਮ ਨੂੰ ਕਰੋੜਾ ਦਾ ਨੁਕਸਾਨ ਹੋ ਸਕਦਾ ਹੈ। ਇਸ ਸ਼ਰਤ ਦੇ ਮੁਤਾਬਕ ਜੇਕਰ ਠੇਕੇਦਾਰ ਕਦੇ ਵੀ ਸੋਲਰ ਲਾਇਟਾਂ ਬੋਰਡਾਂ ਤੇ ਲਾਉਂਦਾ ਹੈ ਤਾਂ ਉਸ ਦੇ ਵੱਲੋ ਨਿਗਮ ਨੂੰ ਦਿੱਤੀ ਜਾਣ ਵਾਲੀ ਕੁੱਲ ਟੈਂਡਰ ਰਾਸ਼ੀ ਇੱਕ ਤਿਹਾਈ ਹੋ ਜਾਵੇਗੀ। ਜਿਸ ਦਾ ਮਤਲਬ ਇਹ ਹੈ ਕਿ ਇਸ ਟੈਂਡਰ ਤੋਂ ਨਿਗਮ ਦੀ ਆਮਦਨ ਅੱਠ ਕਰੋੜ ਤੋਂ ਘੱਟ ਕੇ ਸਿਰਫ ਤਿੰਨ ਕਰੋੜ ਹੀ ਰਹਿ ਜਾਵੇਗੀ।

3. ਵੱਡੀ ਖਾਸ ਧਿਆਨਯੋਗ ਗੱਲ ਇਹ ਹੈ ਕਿ ਸਾਡੇ ਇਸੇ ਠੇਕੇਦਾਰ ਵੱਲੋ ਇਸੇ ਤਰ੍ਹਾਂ ਦਾ ਫਰਾਡ ਨਗਰ ਨਿਗਮ ਅੰਮ੍ਰਿਤਸਰ ਨਾਲ ਵੀ ਕੀਤਾ ਗਿਆ ਹੈ। ਜਿਸ ਦੀ ਅੱਠ(8) ਕਰੋੜ ਦੀ ਵਸੂਲੀ ਅੰਮ੍ਰਿਤਸਰ ਨਿਗਮ ਵੱਲੋ ਮਾਣਯੋਗ ਹਾਈ ਕੋਰਟ ਦੇ ਇੱਕ ਕੇਸ ਵਿੱਚ ਹੁਣ ਤੱਕ ਲੰਬਿਤ ਹੈ। ਜਿਸ ਦੀ ਕਾਪੀ ਵੀ ਮੇਰੇ ਕੋਲ ਮੌਜੂਦ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸੇ ਠੇਕੇਦਾਰ ਦੇ ਨਗਰ ਨਿਗਮ ਅੰਮ੍ਰਿਤਸਰ ਦੇ ਇਕਰਾਰਨਾਮੇ ਵਿੱਚ ਇਹੋ ਜਿਹੀ ਕੋਈ ਵੀ ਸ਼ਰਤ ਸ਼ਾਮਿਲ ਨਹੀਂ ਸੀ।। ਮਹਿਜ ਪੱਤਰ ਵਿਹਾਰ ਰਾਹੀ ਤੇ ਕੁੱਝ ਅਫ਼ਸਰਾਂ ਦੀ ਮਿਲੀ ਭੁਗਤ ਨਾਲ ਹੀ ਉਨ੍ਹਾਂ ਨੂੰ ਅੱਠ(8) ਕਰੋੜ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਜਦ ਕਿ ਜਲੰਧਰ ਨਗਰ ਨਿਗਮ ਨੇ ਤਾਂ ਠੇਕੇਦਾਰ ਦੀ ਇਸੇ ਧੋਖੇ ਵਾਲੀ ਸ਼ਰਤ ਨੂੰ ਇਕਰਾਰਨਾਮੇ ਵਿੱਚ ਹੀ ਬਈਮਾਨੀ ਦੀ ਨੀਅਤ ਨਾਲ ਸ਼ਾਮਲ ਕਰ ਦਿੱਤਾ ਹੈ। ਇਹ ਉਸ ਟਾਈਮ ਬੰਬ ਦੀ ਤਰ੍ਹਾਂ ਹੈ ਜ਼ੋ ਕਦੇ ਫੱਟ ਸਕਦਾ ਹੈ। ਠੇਕੇਦਾਰ ਵੱਲੋ ਇਹ ਧੋਖੇਵਾਲੀ ਕਲਾਜ਼ ਵਰਤੋਂ ਵਿੱਚ ਹੱਲੇ ਤੱਕ ਇਸ ਕਰਕੇ ਨਹੀਂ ਲਿਆਈ ਜਾ ਸਕੀ ਹੈ ਕਿਉਕਿਂ ਇਕਰਾਰਨਾਮੇ ਦੇ ਪਹਿਲੇ ਹੀ ਸਾਲਾਂ ਵਿੱਚ ਕਈ ਸ਼ਿਕਾਇਤਾਂ ਆਣ ਦੇ ਬਾਅਦ ਬਣਾਈ ਗਈ ਪੜਤਾਲ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਇਹਨਾਂ ਧੋਖੇਧੜੀਆਂ ਵਾਲੀਆਂ ਸ਼ਰਤਾਂ ਦਾ ਵੇਰਵਾ ਪੇਸ਼ ਕਰ ਦਿੱਤਾ ਸੀ।

4. ਇਕਰਾਰਨਾਮੇ ਦੀ ਸ਼ਰਤ ਨੰ.30 ਜ਼ੋ ਕਿ ਟੈਂਡਰ ਦੀ ਸ਼ਰਤ ਨੰ.40 ਹੈ। ਉਹਨੂੰ ਵੀ ਤੋੜਿਆ ਮਰੋੜਿਆ ਗਿਆ ਹੈ। ਜਿਸ ਵਿੱਚ ਠੇਕੇਦਾਰ ਤੋਂ ਹਰ ਛੇ ਮਹੀਨੇ ਵਿੱਚ ਉਸ ਨੂੰ ਮਸ਼ਹੂਰੀਆਂ ਤ੍ਰੋ ਮਿਲੀ ਕੁੱਲ ਰਾਸ਼ੀ ਨਗਰ ਨਿਗਮ ਨੂੰ ਦੱਸੀ ਜਾਣੀ ਜਰੂਰੀ ਸੀ।

ਇੱਥੇ ਇਹ ਦੱਸਿਆ ਜਾਣਾ ਜਰੂਰੀ ਹੈ ਕਿ ਪਹਿਲੇ ਦੇ ਠੇਕੇਦਾਰ ਵੱਲੋ ਘਾਟਾ ਦਖਾਂ ਕੇ ਨਗਰ ਨਿਗਮ ਤੇ ਅਦਾਲਤੀ ਕੇਸ ਕੀਤੇ ਗਏ ਸਨ। ਇਹੋ ਜਿਹੀ ਘਟਨਾ ਫੇਰ ਨਾ ਵਾਪਰੇ ਇਸ ਲਈ ਇਹ ਸ਼ਰਤ ਰੱਖੀ ਗਈ ਸੀ ਜਿਸ ਨੂੰ ਇਕਰਾਰਨਾਮੇ ਵਿੱਚ ਬਦਲ ਦਿੱਤਾ ਗਿਆ।

5. ਇਕਰਾਰਨਾਮੇ ਦੀ ਸ਼ਰਤ ਨੰ.25 ਜੋ ਟੈਂਡਰ ਦੀ ਸ਼ਰਤ ਨੰ. 34 ਸੀ, ਨੂੰ ਵੀ ਬਦਲ ਦਿੱਤਾ ਗਿਆ ਹੈ ਜਿਸ ਵਿੱਚ ਨਗਰ ਨਿਗਮ ਖਤਰਨਾਕ ਢਾਂਚੇ ਅਤੇ ਪਾਸ ਕੀਤੇ ਡਿਜਾਇਨ ਤੋਂ ਭਿੰਨ ਬਣੇ ਢਾਂਚਿਆਂ ਨੂੰ ਉਤਾਰ ਸਕਦੀ ਸੀ। ਇਸ ਕਲਾਜ਼ ਨੂੰ ਬਦਲ ਕੇ ਨਗਰ ਨਿਗਮ ਦੇ ਹੱਥ ਵੱਢ ਦਿੱਤੇ ਗਏ ਹਨ, ਜ਼ੋ ਲੋਕਾਂ ਦੀ ਸੁਰੱਖਿਆ ਲਈ ਬਹੁਤ ਜਰੂਰੀ ਸੀ। ਠੇਕੇਦਾਰ ਵੱਲੋਂ ਇਕਰਾਰਨਾਮੇ ਵਿੱਚ ਮੌਜੂਦ ਪੁਵਾਈ ਗਈ ਸ਼ਰਤ ਦੇ ਮੁਤਾਬਕ ਨਿਗਮ ਨੂੰ ਸਿਰਫ ਢਾਂਚਿਆ ਦੀ ਇੰਸਪੈਕਸ਼ਨ ਕਰਨ ਦਾ ਹੀ ਇਖਤਿਹਾਰ ਰਹਿ ਗਿਆ ਹੈ। ਮੋਕਾ ਦੇਖਣ ਤੇ ਐਂਡਹੋਕ ਕਮੇਟੀ ਵੱਲੋ ਢਾਂਚੇ ਖਤਰਨਾਕ ਪਾਏ ਗਏ ਹਨ। ਜੇਕਰ ਸ਼ਰਤ ਸਹੀ ਲਿਖੀ ਹੁੰਦੀ ਤੇ ਇਹੋ ਜਿਹੇ ਢਾਂਚੇ ਉਸੇ ਵੇਲੇ ਠੇਕੇਦਾਰ ਨੂੰ ਬਿਨਾਂ ਕਿਸੀ ਨੋਟਿਸ ਦੇ ਉਤਾਰੇ ਜਾ ਸਕਦੇ ਹਨ।

6. ਇਸੇ ਤਰ੍ਹਾ ਇਕਰਾਰਨਾਮੇ ਦੀ ਕੰਡੀਸ਼ਨ ਨੰ.23 ਅਤੇ 31 ਜ਼ੋ ਕਿ ਟੈਂਡਰ ਦੀ ਸ਼ਰਤ ਨੰ.32 ਅਤੇ 41 ਹੈ ਨੂੰ ਵੀ ਬਦਲ ਦਿੱਤਾ ਗਿਆ ਹੈ। ਜਿਸ ਵਿੱਚ ਨਵੀਆਂ ਯੂਨੀਪੋਲ ਸਾਈਟਾਂ ਵਾਸਤੇ ਫਰੈਸ਼ ਟੈਂਡਰ ਲਗਾਏ ਜਾ ਸਕਦੇ ਸੀ ਜਿਸ ਨੂੰ ਹਟਾ ਦਿੱਤਾ ਗਿਆ ਹੈ ਅਤੇ ਨਿਗਮ ਕਮਿਸ਼ਨਰ ਦੀ ਕਿਸੇ ਝਗੜੇ ਵਿੱਚ ਆਰਬੀਟਰੇਟਰ ਪਾਵਰ ਖਤਮ ਕਰਕੇ ਸਥਾਨਕ ਸਰਕਾਰ ਤੇ ਛੱਡੀ ਗਈ ਹੈ। ਠੇਕੇਦਾਰ ਇਰਾਦਾਤਨ ਝਗੜੇ ਵਾਲ ਤੇ ਮੁਕੱਦਮੇਬਾਜ਼ ਹੈ। ਇਸੇ ਲਈ ਉਸਨੇ ਇਹ ਸ਼ਰਤ ਬਦਲੀ ਹੈ ਤਾਂ ਜ਼ੋ ਨਿਗਮ ਨੂੰ ਕੋਰਟ ਵਿੱਚ ਘਸੀਟਨਾਂ ਆਸਾਨ ਹੋਵੇ।

7. ਇਕਰਾਰਨਾਮਾ ਸ਼ਰਤ ਨੰ.15 ਜ਼ੋ ਕਿ ਟੈਂਡਰ ਸ਼ਰਤ ਨੰ.24 ਹੈ ਨੂੰ ਵੀ ਬਦਲ ਕੇ ਨਿਗਮ ਦੇ ਹੀ ਹੱਥ ਵੱਡੇ ਗਏ ਹਨ। ਸ਼ਰਤ ਦੇ ਮੁਤਾਬਕ ਨਗਰ ਨਿਗਮ ਨੂੰ ਕੋਈ ਵੀ ਹੋਰ ਵਿਗਿਆਪਨ ਦਾ ਟੈਂਡਰ ਲਗਾਣ ਤੇ ਪਹਿਲਾਂ ਠੇਕੇਦਾਰ ਨੂੰ ਯੂਨੀਪੋਲ ਸਾਇਟਾਂ ਦੇਣ ਲਈ ਬੰਨਿਆ ਗਿਆ ਹੈ। ਜ਼ੋ ਕਿ ਅਸਲ ਸ਼ਰਤ ਵਿੱਚ ਇਹਦਾਂ ਦਾ ਕੁੱਝ ਵੀ ਨਹੀਂ ਸੀ। ਇਸ ਬਾਦ ਵਿੱਚ ਵਧਾਈ ਸ਼ਰਤ ਦੇ ਦੱਮ ਤੇ ਇਸ ਘੋਟਾਲੇ ਬਾਜ ਠੇਕੇਦਾਰ ਨੇ ਠੇਕੇ ਦੇ ਤਿੰਨ ਸਾਲ ਬੀਤਣ ਦੇ ਬਾਦ ਵੀ 33 ਯੂਨੀਪੋਲ ਸਾਇਟਾਂ ਲੈ ਲਿਤੀਆਂ ਹਨ। ਇਸੇ ਤਰ੍ਹਾਂ ਕਈ ਹੋਰ ਟੈਂਡਰ ਸ਼ਰਤਾਂ ਨੂੰ ਇਕਰਾਰਨਾਮੇ ਵਿੱਚ ਪਾਉਂਦਿਆਂ ਹੋਇਆ ਬਦਲਾਅ ਕੀਤੇ ਗਏ ਹਨ।

8. ਟੈਂਡਰ ਸ਼ਰਤ ਨੰ.11 ਨੂੰ ਇਕਰਾਰਨਾਮੇ ਵਿੱਚੋਂ ਉਡਾ ਦਿੱਤਾ ਗਿਆ। ਸ਼ਰਤ ਮੁਤਾਬਕ ਕਾਮਯਾਬ ਬੋਲੀ ਕਰਤਾ ਵੱਲੋ ਬੋਰਡਾਂ ਦੇ ਢਾਂਚੇ ਇੱਕੋ ਜਿਹੇ ਬਣਾਏ ਸੀ। ਇਸ ਵਿੱਚ ਕੋਈ ਵੀ ਤਬਦੀਲੀ ਮੰਨੀ ਨਹੀਂ ਜਾਣੀ ਸੀ।

ਇਹ ਸ਼ਰਤ ਉੜਾ ਦੇਣ ਕਾਰਨ ਠੇਕੇਦਾਰ ਨੇ ਢਾਂਚੇ ਵੱਖ-ਵੱਖ ਤਰ੍ਹਾਂ ਦੇ ਬਣਾ ਦਿੱਤੇ ਹਨ। ਇਸੇ ਤਰ੍ਹਾਂ ਇਕਰਾਰਨਾਮੇ ਦੀ ਸ਼ਰਤ ਨੰ.29 ਜੋ ਕਿ ਟੈਂਡਰ ਵਿੱਚ ਦਿੱਤੀ ਸ਼ਰਤ ਨੰ. 39 ਹੈ, ਇਹ ਪੱਕਾ ਹੋ ਜਾਂਦਾ ਹੈ ਕਿ ਇਕਰਾਰਨਾਮਾ ਠੇਕੇਦਾਰ ਨੇ ਹੀ ਆਪਣੇ ਮੁਤਾਬਿਕ ਬਣਵਾਇਆ ਹੈ। ਇਸ ਹੋਈ ਹੇਰਾ ਫੇਰੀ/ ਫਰਾਡ ਦੀ ਸ਼ਰਤ ਦਰ ਸ਼ਰਤ ਰਿਪੋਰਟ ਮੈਂ ਟੇਬਲ ਬਣਾ ਕੇ ਲਿਆਇਆ ਹਾਂ।

ਇਸ ਕਰਕੇ ਇਹ ਸਪੱਸ਼ਟ ਹੈ ਕਿ ਠੇਕੇਦਾਰ ਆਪਣੇ ਬਣਾਏ ਗਏ ਸ਼ੱੜਯੰਤਰ ਵਿੱਚ ਕਾਮਯਾਬ ਹੋਇਆ ਹੈ ਅਤੇ ਇਸ ਦਾ ਫਾਇਦਾ ਵੀ ਉਸ ਨੂੰ ਮਿਲਿਆ ਹੈ। ਨਗਰ ਨਿਗਮ ਵਿੱਚ ਕਿਸੇ ਵੀ ਵਿਸ਼ੇ ਤੇ ਪਹਿਲੀ ਰਾਏ ਲੀਗਲ ਐਡਵਾਇਜ਼ਰ ਤੋਂ ਲਿਖਤ ਰੂਪ ਵਿੱਚ ਮੰਗੀ ਜਾਂਦੀ ਹੈ। ਤਾਂ ਕਿ ਮੁੜ ਬਾਜੋਂ ਕੋਈ ਵੀ ਪਰੇਸ਼ਾਨੀ ਨਿਗਮ ਨੂੰ ਝੇਲਣੀ ਨਾ ਪਵੇ। ਲੇਕਿਨ ਇਸ ਕੇਸ ਵਿੱਚ ਤਾਂ ਨਿਗਮ ਦਾ ਲੀਗਲ ਸੈਕਸ਼ਨ ਹੀ ਠੇਕੇਦਾਰ ਨਾਲ ਰੱਲ ਕੇ ਨਿਗਮ ਲਈ ਪਰੇਸ਼ਾਨੀ ਦਾ ਕਾਰਣ ਬਣਿਆ ਹੋਇਆ ਹੈ।

**ਨੋਟ-**

ਠੇਕੇਦਾਰ ਵੱਲੋ ਇਸੇ ਇਕਰਾਰਨਾਮੇ ਦੇ ਸਬੰਧ ਵਿੱਚ ਪਹਿਲੇ ਪਾਏ ਗਏ ਅਦਾਲਤੀ ਆਦੇਸ਼ ਵੀ ਨਿਗਮ ਦੇ ਕੇਸਾਂ ਦੀ ਢਿੱਲੀ ਪੈਰ੍ਹਵੀ ਦਾ ਨਤੀਜੇ ਹਨ। ਇਹ ਗੱਲ ਮੈਂ ਪਰਮਾਣਿਤ ਵੀ ਕਰ ਸਕਦਾ ਹਾਂ ਕਿਉਂਕਿ ਠੇਕੇਦਾਰ ਪਹਿਲੇ ਨਿਗਮ ਨਾਲ ਪੱਤਰ ਵਿਹਾਰ ਕਰਕੇ ਨਿਮਾਣਾ ਬਣ ਕੇ ਦਿਖਾਉਂਦਾ ਹੈ ਫੇਰ ਵਕੀਲੀ ਰੀਪਰਜ਼ੈਂਟੇਸ਼ਨਾਂ ਦਿੰਦਾ ਹੈ। ਜਿਸ ਦਾ ਨਿਗਮ ਵੱਲੋ ਮਿਲੀ ਭੁਗਤ ਵਿੱਚ ਕੋਈ ਜਵਾਬ ਨਹੀਂ ਦਿੱਤਾ ਜਾਦਾਂ। ਇਸ ਕੇਸ ਵਿੱਚ ਵੀ ਠੇਕੇਦਾਰ ਨੇ ਕੋਈ ਵੀ ਮਜ਼ਬੂਤ ਪੁਆਇੰਟ ਨਾ ਹੋਣ ਕਾਰਣ ਇਹੀ ਗੁਹਾਰ ਲਗਾਈ ਸੀ ਕਿ ਉਸ ਦੀ ਰੀਪਰਜੈਂਟੇਸ਼ਨ ਤੇ ਜੋ ਵੀ ਫੈਸਲਾ ਕਰਨਾ ਹੋਵੇ ਕਰ ਦਿੱਤਾ ਜਾਵੇ। ਕੋਰਟ ਤੋਂ 15 ਦਿੱਨ ਦਾ ਟਾਈਮ ਮਿਲਣ ਦੇ ਬਾਵਜੂਦ ਅਤੇ ਮਾਣਯੋਗ ਮੇਅਰ ਸਾਹਿਬ ਦੇ ਲਿਖਤੀ ਹਦਾਇਤ ਦੇ ਬਾਵਜੂਦ ਨਿਗਮ ਅਫਸਰਾਂ ਵੱਲੋ ਠੇਕੇਦਾਰ ਨੂੰ ਮਿਲੀ ਭੁਗਤ ਵਿੱਚ ਕੋਈ ਜਵਾਬ ਨਹੀਂ ਦਿੱਤਾ। ਜਿਸ ਦੇ ਬਾਅਦ ਕੋਰਟ ਸਖ਼ਤ ਹੋ ਗਈ ਕਿ ਨਿਗਮ ਉਸ ਦਾ ਆਦੇਸ਼ ਨਹੀਂ ਮੰਨ ਰਿਹਾ ਹੈ। ਫੇਰ ਕੋਰਟ ਦੇ ਆਰਡਰ ਤੇ ਠੇਕੇਦਾਰ ਨੂੰ 33 ਯੂਨੀਪੋਲ ਹੋਰ ਦੇ ਦਿੱਤੇ ਗਏ, ਜਿਸਦਾ ਠੇਕਾ ਹੁਣ 2024 ਵਿੱਚ ਮੁਕੇਗਾ। ਇਸ ਨਾਲ ਸਕੈਂਡਲ ਵੀ ਹੋ ਗਿਆ ਤੇ ਅਧਿਕਾਰੀਆਂ ਦਾ ਦਾਮਣ ਵੀ ਦਿਖਾਉਣ ਲਈ ਸਾਫ ਰਹਿ ਗਿਆ। ਅੱਜ ਹਾਉਸ ਨੂੰ ਕਮਿਸ਼ਨਰ ਸਾਹਿਬ ਇਹ ਦੱਸਣ ਕਿ ਇਕਰਾਰਨਾਮਾ ਬੇਮੇਲ (mismatching) ਹੋਣ ਦੀ ਇਨਕੁਆਰੀ ਕਮੇਟੀ ਦੀ ਪੁਸ਼ਟੀ ਰਿਪੋਰਟ, ਲੀਗਲ ਏਡਵਾਈਜ਼ਰ ਦੇ ਆਫਿਸ ਨੋਟ ਅਤੇ ਅਸਲ ਇਕਰਾਰਨਾਮਾ, ਟੈਂਡਰ ਸ਼ਰਤਾਂ ਨਿਗਮ ਕੋਲ ਹੋਣ ਦੇ ਬਾਵਜੂਦ ਕਾਰਾਵਾਈ ਕਰਣ ਵਿੱਚ ਝਿਜ਼ਕ ਕਿਉ ਰਹੇ ਹਨ।

ਅੱਜ ਇਹ ਹਾਊਸ ਨਗਰ ਨਿਗਮ ਦਾ ਵੱਡਾ ਨੁਕਸਾਨ ਕਰਣ ਵਾਲੇ, ਮਿਲੀਭੁਗਤ ਵਿੱਚ ਗਲਤ ਇਕਰਾਰਨਾਮਾ ਬਣਾਉਣ ਵਾਲੇ, ਬਈਮਾਨੀ ਨਾਲ ਸ਼ਰਤਾਂ ਬਦਲਣ ਵਾਲੇ, ਲੀਗਲ ਸਲਾਹਕਾਰ ਹੁੰਦੇ ਹੋਏ ਵੀ ਝੂਠੀ ਘੋਸ਼ਣਾ ਕਰਣ ਵਾਲੇ ਬਿਨ ਪੜੇ ਨਿਗਮ ਦੇ ਕਰੋੜਾਂ ਦੇ ਇਕਰਾਰਨਾਮਾ ਕਰਨ ਵਾਲੇ ਅਫਸਰਾਂ ਤੇ ਸਬੰਧਤ ਅਧਿਕਾਰੀਆਂ ਤੇ ਸਹੀ ਫੈਸਲਾਂ ਲਏ ਅਤੇ ਨਿਗਮ ਨਾਲ ਠੱਗੀ ਕਰਣ ਵਾਲੇ ਇਸ ਠੇਕੇਦਾਰ ਦੇ ਇਕਰਾਰਨਾਮੇ ਤੇ ਵੀ ਫੈਸਲਾ ਲਵੇ।

**ਮੈਂਬਰ 5- ਸ੍ਰੀ ਜਗਦੀਸ਼ ਕੁਮਾਰ ਦਕੋਹਾ ਕਾਉਂਸਲਰ ਵਾਰਡ ਨੰ: 12 ਜਿਸ ਦੀ ਤਸਦੀਕ ਸ੍ਰੀ ਗੁਰਵਿੰਦਰ ਪਾਲ ਸਿੰਘ ਨੀਲਕੰਠ ਕਾਉਂਸਲਰ ਵਾਰਡ ਨੰ: 68** ਨੇ ਕੀਤੀ ਹੈ ਕਿ

ਅਸੀਂ ਵੀ ਆਪਣੇ ਸਾਥੀ ਕਾਉਂਸਲਰਾਂ ਨਾਲ ਸਹਿਮਤ ਹਾਂ ਕਿ ਨਿਗਮ ਨੂੰ ਵਿਗਿਆਪਨ ਤੋਂ ਵੱਧ ਆਮਦਨ ਹੋ ਸਕਦੀ ਹੈ । ਲੇਕਿਨ ਕੁਝ ਅਧਿਕਾਰੀਆਂ ਦੀ ਮਿਲੀਭੁਗਤ ਕਾਰਣ ਇਹ ਨਹੀਂ ਹੋ ਸਕਿਆ । ਅਸੀਂ ਆਪਣੀ ਕੀਤੀ ਪੜਤਾਲ ਵਿੱਚ ਅਤੇ ਫਾਇਲਾਂ ਘੋਖਣ ਤੋਂ ਬਾਅਦ ਇਹ ਨਤੀਜੇ ਤੇ ਪਹੁੰਚੇ ਹਾਂ ਕਿ ਠੇਕੇਦਾਰ ਕੱਲਿਆਂ ਪਹਿਲੋਂ ਹੀ ਨਹੀਂ ਹੁਣ ਵੀ ਕੁਝ ਅਧਿਕਾਰੀਆਂ ਨਾਲ ਰਲਿਆ ਹੋਇਆ ਹੈ ਜ਼ੋ ਕਿ ਆਖਰੀ ਕੀਤੇ ਗਏ ਵਿਗਿਆਪਣ ਦੇ ਟੈਂਡਰ ਮਿਤੀ 28.08.2020 ਵਿੱਚ ਦਿੱਤੇ ਗਏ ਕੋਰੀਜੈਂਡਮ ਨੰ: 143/5/Advt. dated 11.09.2020 ਤੋਂ ਸਾਬਤ ਹੁੰਦਾ ਹੈ । ਜਿਸ ਦਾ ਵੇਰਵਾ ਇਸ ਤਰ੍ਹਾਂ ਹੈ-

1. ਵਿਗਿਆਪਨ ਟੈਂਡਰ ਅੰਦਾਜਨ ਦਸ-ਬਾਰਹ ਵਾਰ ਸਿਰੇ ਨਹੀਂ ਚੜਣ ਦੇ ਬਾਵਜੂਦ ਸਮੇਂ-ਸਮੇਂ ਤੇ ਨਿਗਮ ਦੇ ਉਚੱ ਅਧਿਕਾਰੀਆਂ ਵਲੋਂ ਸਰਕਾਰ ਵਲੋਂ ਦਿੱਤੀਆਂ ਗਈਆਂ ਸਟੈਂਡਰਡ ਨਿਯਮ ਅਤੇ ਸ਼ਰਤਾਂ ਦਾ ਹਵਾਲਾ ਦਿੱਤਾ ਜਾਂਦਾ ਰਿਹਾ ਹੈ ।

2. ਉਚੱ ਅਧਿਕਾਰੀ ਇਹੋ ਕਹਿੰਦੇ ਰਹੇ ਹਨ ਕਿ ਉਹ ਇਨਾਂ ਦਿੱਤੀਆਂ ਸ਼ਰਤਾਂ ਦੇ ਮੁਤਾਬਕ ਟੈਂਡਰ ਲਗਾਣ ਲਈ ਬਝੇ ਹੋਏ ਹਨ । ਇਸ ਕਰਕੇ ਐਡਵਰਟਾਈਜ਼ਮੈਂਟ ਅਡਹਾਕ ਕਮੇਟੀ ਦੇ ਸੁਝਾਵ ਨੂੰ ਨਹੀਂ ਮੰਨ ਸਕਦੇ ਹਨ। ਜਿਸ ਵਿੱਚ ਮੈਂਬਰ ਟੈਂਡਰ ਨੂੰ ਭਾਗਾਂ ਵਿੱਚ ਵੰਡ ਕੇ ਲਾਉਣ ਦਾ ਸੁਝਾਅ ਦਿੰਦੇ ਹਨ ।

3. ਇੱਥੇ ਇਹ ਦੱਸਿਆ ਜਾਣਾ ਬੜਾ ਜਰੂਰੀ ਹੈ ਕਿ ਸਰਕਾਰ ਵਲੋਂ ਪੱਤਰ ਨੰ: ਸੀ.ਟੀ.ਪੀ.-(ਸਸ)-2018/3811 ਮਿਤੀ 18.12.2018 ਅਤੇ ਪੱਤਰ ਨੰ: ਸੀ.ਟੀ.ਪੀ.-(ਸਸ)-2018/3813 ਮਿਤੀ 19.12.2018 ਟੈਂਡਰ ਲਗਾਉਣ ਲਈ ਦਿੱਤੀਆਂ ਸ਼ਰਤਾਂ ਵਿੱਚ ਕਾਮਯਾਬ ਬੋਲੀ ਕਰਤਾ ਵਲੋਂ ਜਮ੍ਹਾ ਕਰਵਾਏ ਜਾਣ ਵਾਲੀ ਬੈਂਕ ਗਰੰਟੀ ਅਤੇ ਸੁਰੱਖਿਆ ਰਾਸ਼ੀ (ਸਕਿਉਰਟੀ) ਅਤੇ ਜਮਾ ਕਰਵਾਈ ਗਈ ਈ.ਐਮ.ਡੀ. ਦੇ ਬਾਰੇ ਪੂਰਾ ਵੇਰਵਾ/ਖਾਤਾ ਸਾਰਿਆਂ ਨਿਗਮਾਂ ਨੂੰ ਭੇਜਿਆ ਗਿਆ ਸੀ ।

ਲੇਕਿਨ ਆਖਰੀ ਕੀਤੇ ਗਏ ਟੈਂਡਰ ਮਿਤੀ 11.09.2020 ਵਿੱਚ ਕੋਰੀਜੈਂਡਮ ਨੂੰ ਪਾ ਕੇ ਇਨਾਂ ਉਪਰੋਕਤ ਦੱਸੀਆਂ ਗਈਆਂ ਸ਼ਰਤਾਂ ਨੂੰ ਠੇਕੇਦਾਰ ਦੇ ਕਹੇ ਮੁਤਾਬਕ ਬਦਲ ਦਿੱਤਾ ਜਿਸਦੀ ਕੋਈ ਵੀ ਪ੍ਰਵਾਨਗੀ ਨਾ ਤਾਂ ਫਾਈਨਾਂਸ ਕੰਟਰੈਕਟ ਕਮੇਟੀ ਤੋਂ ਨਾ ਹੀ ਹਾਊਸ ਤੋਂ ਲਿੱਤੀ ਗਈ ਯਾਨੀ ਕਮਿਸ਼ਨਰ ਵਲੋਂ ਆਪਣੇ ਹੀ ਪੱਧਰ ਤੇ ਫੈਸਲਾ ਲੈ ਲਿੱਤਾ ਗਿਆ। ਜਿਸ ਨਾਲ ਬੋਲੀ ਕਰਤਾ ਨੂੰ ਨਿਗਮ ਕੋਲ ਲਗਭਗ ਢਾਈ ਕਰੋੜ (ਰੁਪਏ 2.5 ਕਰੋੜ) ਦੀ ਸਕਿਉਰਟੀ ਰਾਸ਼ੀ ਜਮ੍ਹਾਂ ਕਰਵਾਉਣ ਤੋਂ ਛੂਟ ਦੇ ਦਿੱਤੀ ਗਈ. ਇਸ ਦੇ ਨਾਲ ਹੀ ਜਮ੍ਹਾ ਹੋਈ ਈ.ਐਮ.ਡੀ. ਰਾਸ਼ੀ ਤੁਰੰਤ ਰਿਫੰਡ ਕਰਨ ਲਈ ਵੀ ਸ਼ਰਤ ਪਾ ਦਿੱਤੀ ਗਈ ਜਦਕਿ ਇਹ ਰਾਸ਼ੀ ਟੈਂਡਰ ਅਵਧਿ ਯਾਨੀ ਸੱਤ ਸਾਲ ਬਾਅਦ ਵਾਪਸ ਕੀਤੀ ਜਾਣੀ ਸੀ ।

ਨਤੀਜਨ ਨਿਗਮ ਦੀ ਫਾਇਨਾਂਸ਼ੀਅਲ ਸਕਿਉਰਟੀ ਨੂੰ ਖਤਮ ਕਰ ਦਿੱਤਾ ਗਿਆ । ਹੈਰਾਨਗੀ ਦੀ ਗੱਲ ਇਹ ਹੈ ਕਿ ਨਿਗਮ ਅਫਸਰ ਨਵੇਂ ਹੋਣ ਵਾਲੇ ਇਸ ਟੈਂਡਰ ਦੀ Pre-bid-meeting ਇਸੇ ਠੇਕੇਦਾਰ ਦੇ ਭਾਗੀਦਾਰ ਪਰਿਵਾਰ ਦੀ ਫਰਮ ਜ਼ੋ ਨਿਗਮ ਦੀ ਡੀਫਾਲਟਰ ਹੈ । ਜਿਸ ਦਾ ਇਕਰਾਰਨਾਮਾ ਵੀ ਜਲੰਧਰ ਨਿਗਮ ਨੇ ਰੱਦ ਕੀਤਾ ਸੀ ਦੇ ਨਾਲ ਹੀ ਮੀਟਿੰਗ ਕਰ ਰਹੀ ਹੈ ਅਤੇ ਉਸ ਦੀਆਂ ਗੱਲਾਂ ਵੀ ਮੰਨ ਰਹੀ ਹੈ ।

4. ਆਖਰੀ ਬੁਲਾਏ ਗਏ ਟੈਂਡਰ ਵਿੱਚ ਯੂਨੀਪੋਲਾਂ ਦੀ ਗਿਣਤੀ 250 ਕਰ ਦਿੱਤੀ ਗਈ ਅਤੇ ਦਿੱਤੇ ਗਏ ਵੇਰਵੇ ਮੁਤਾਬਕ ਇੱਕ ਯੂਨੀਪੋਲ ਦੀ ਕੀਮਤ 13,000 ਰੁਪਏ ਕਰ ਦਿੱਤੀ ਗਈ । ਮਜੇਦਾਰ ਗੱਲ ਇਹ ਹੈ ਕਿ ਹਾਲ ਵਿੱਚ ਚਲ ਰਹੇ ਠੇਕੇ ਤੋਂ 25,000 ਰੁਪਏ ਹਰੇਕ ਯੂਨੀਪੋਲ ਤੋਂ ਹਰ ਮਹੀਨੇ ਮਿਲਦੇ ਹਨ । ਯਾਨੀ ਪੰਜ ਸਾਲ ਬਾਅਦ ਪਹਿਲੇ ਤੋਂ ਚਲ ਰਹੇ ਟੈਂਡਰ ਦੇ ਮੁਕਾਬਲੇ ਕੀਮਤ ਵਧਾਣ ਦੀ ਬਜਾਏ ਕੀਮਤ ਅੱਧੀ ਕਰ ਦਿੱਤੀ ਗਈ ਹੈ ।

5. ਨਿਗਮ ਦੇ ਇਸੇ ਠੇਕੇਦਾਰ ਮੈਸਜ਼ ਕ੍ਰਿਏਟਿਵ ਡਿਜ਼ਾਈਨਰ ਵਲੋਂ ਜਲੰਧਰ ਕੈਂਟ ਵਿੱਚ ਕੰਟੋਨਮੈਂਟ ਨੂੰ 32,000/- ਰੁਪਏ ਹਰੇਕ ਯੂਨੀਪੋਲ ਹਰ ਮਹੀਨੇ ਦਾ ਇਕਰਾਰਨਾਮਾ ਚਲ ਰਿਹਾ ਹੈ ।ਜਿਸ ਦੀ ਕਾਪੀ ਮੇਰੇ ਕੋਲ ਹੈ।

6. ਵੱਡੀ ਗਿਣਤੀ ਵਿੱਚ ਯੂਨੀਪੋਲ ਵਧਾ ਕੇ ਟੈਂਡਰ ਲਾਉਣ ਤੋਂ ਬਾਅਦ ਕਾਰੀਜੈਂਡਮ ਰਾਹੀਂ ਠੇਕੇਦਾਰ ਦੇ ਅਸਲ ਸ਼ੜਯੰਤਰ ਨੂੰ ਅਮਲੀ ਜਾਮਾ ਪਾਉਣ ਲਈ ਇਕ ਹੋਰ ਸ਼ਰਤ ਜ਼ੋੜ ਦਿੱਤੀ ਜਿਸ ਮੁਤਾਬਕ ਘੱਟ ਸੰਖਿਆ ਵਿੱਚ ਬੋਰਡ/ਯੂਨੀਪੋਲ ਲੱਗਣ ਦੇ ਹਾਲਾਤ ਵਿੱਚ ਕੀਮਤ ਸਿਰਫ ਲੱਗੇ ਹੋਏ ਬੋਰਡਾਂ ਦੀ ਹੀ ਲਿੱਤੀ ਜਾਵੇਗੀ । ਯਾਨੀ ਠੇਕੇਦਾਰ ਠੇਕਾ ਵੀ ਘੱਟ ਕੀਮਤ ਤੇ ਚਲਾਂਦਾ ਰਵੇ ਤੇ ਉਸਦਾ ਅਧਿਕਾਰ ਵੀ ਬਾਕੀ ਬਚੇ ਹੋਏ ਬੋਰਡਾਂ ਤੇ ਕਾਇਮ ਰਵੇ ।

7. ਕਾਰਜੈਂਡਮ ਦੀ ਸ਼ਰਤ ਨੰ: 7 ਮੁਤਾਬਕ ਬੋਰਡਾਂ ਦਾ ਇਕਰਾਰਨਾਮਾ ਸਮਾਂ ਉਨ੍ਹਾਂ ਨੂੰ ਏ.ਆਰ.ਸੀ. ਕਮੇਟੀ ਦੀ ਪ੍ਰਵਾਨਗੀ ਦੇ ਬਾਅਦ ਦਿੱਤੀ ਗਈ ਚਿੱਠੀ ਦੀ ਮਿਤੀ ਮੁਤਾਬਕ ਹੋਵੇਗਾ । ਇਹ ਸ਼ਰਤ ਠੇਕੇਦਾਰ ਨੂੰ ਹਾਲ ਵਿੱਚ ਚਲ ਰਹੇ ਠੇਕੇ ਵਾਂਗ ਹੀ ਅਮਰ ਕਰ ਦੇਣ ਵਾਲੀ ਹੈ । ਕਿਉਂਕਿ ਸਮਝਿਆ ਜਾਵੇ ਤਾਂ ਜਿਦਾ ਹੁਣ ਪੰਜ ਸਾਲ ਦਾ ਠੇਕਾ ਅੱਠ ਸਾਲਾਂ ਵਿੱਚ ਪੁਰਾਣੀ ਕੀਮਤ ਤੇ ਪੂਰਾ ਹੋਵੇਗਾ ਇਸੇ ਤਰ੍ਹਾਂ ਨਵਾਂ ਹੋਣ ਵਾਲਾ ਠੇਕਾ 7 ਸਾਲ ਦੇ ਬਜਾਏ 10-12 ਸਾਲਾਂ ਵਿੱਚ ਹੀ ਖਤਮ ਹੋਵੇਗਾ ।

ਇਹ ਤਾਂ ਬੜੀ ਮੋਟੀ ਗੱਲ ਹੈ ਜੇਕਰ ਪਹਿਲਾਂ ਦੇ ਠੇਕੇਦਾਰ ਮੈਸਰਜ਼ ਦੁਰਗਾ ਪਬਲਿਸਿਟੀ ਨੂੰ 199 ਯੂਨੀਪੋਲ ਦੇਣ ਵਿੱਚ ਨਿਗਮ ਨੂੰ ਅੱਠ ਸਾਲ ਲੱਗ ਗਏ ਤੇ ਹਾਲ ਦੇ ਠੇਕੇਦਾਰ ਨੂੰ 59 ਯੂਨੀਪੋਲ ਦੇਣ ਵਿੱਚ 3 ਸਾਲ ਦਾ ਸਮਾਂ ਖਰਾਬ ਹੋਇਆ ਤੇ 250 ਯੂਨੀਪੋਲ ਦੇਣ ਵਿੱਚ ਤਾਂ 10 ਸਾਲ ਲਾਜਮੀ ਲਗ ਜਾਣਗੇ ।

ਅਸਾਨ ਸ਼ਬਦਾਂ ਵਿੱਚ ਸਮਝਿਆ ਜਾਵੇ ਤਾਂ ਜਿਦਾਂ ਕਿ ਹੁਣ ਵਾਲੇ ਠੇਕੇਦਾਰ ਨੇ 26 ਯੂਨੀਪੋਲਾਂ ਦਾ ਟੈਂਡਰ 3 ਸਾਲ ਮਿਲੀਭੁਗਤ ਨਾਲ ਚਲਾ ਲਿੱਤਾ ਤੇ 59 ਵਿੱਚੋਂ ਬਚੇ ਬਾਕੀ 33 ਯੂਨੀਪੋਲ ਅਗਲੇ 5 ਸਾਲ ਲਈ ਪੁਰਾਣੀ ਕੀਮਤ ਤੇ ਹੀ ਅਲਾਟ ਕਰਾ ਲਏ । ਇਸੇ ਤਰ੍ਹਾਂ 250 ਯੂਨੀਪੋਲ ਦਾ ਟੈਂਡਰ ਵੀ ਮਿਲੀਭੁਗਤ ਨਾਲ ਚਲਾਉਣ ਦਾ ਸ਼ੜਯੰਤਰ ਬਣਾ ਲਿੱਤਾ ਗਿਆ ਹੈ ।

ਕਿਉਂ ਜ਼ੋ ਕੋਰੀਜੈਂਡਮ ਸ਼ਰਤਾਂ ਦੀ ਪ੍ਰਵਾਨਗੀ ਖੁਦ ਕਮਿਸ਼ਨਰ ਵਲੋਂ ਦਿੱਤੀ ਗਈ ਸੀ । ਇਸ ਵਝੋਂ ਇਸ ਦਾ ਸਪਸ਼ਟੀਕਰਨ ਵੀ ਖੁਦ ਕਮਿਸ਼ਨਰ ਵਲੋਂ ਦੇਣਾ ਬਣਦਾ ਹੈ ।

**ਮੈਂਬਰ 6- ਸ੍ਰੀਮਤੀ ਸਰਬਜੀਤ ਕੌਰ, ਕਾਉਂਸਲਰ ਵਾਰਡ ਨੰ: 25, ਮੈਂਬਰ ਅਡਰਟਾਈਜ਼ਮੈਂਟ ਅਡਹੋਕ ਕਮੇਟੀ, ਨਗਰਨਿਗਮ, ਜਲੰਧਰ ।**

ਅਡਵਰਟਾਈਜ਼ਮੈਂਟ ਟੈਂਡਰ ਵਿੱਚ ਹੋਏ ਘੋਟਾਲੇ ਤੇ ਉਸ ਤੋਂ ਹੋਈਆਂ ਪਰੇਸ਼ਾਨੀਆਂ ਦਾ ਇਹ ਸਾਰਾ ਮੁੱਦਾ ਨਾ ਸਿਰਫ ਨਿਗਮ ਦੀ ਆਮਦਨੀ ਨਾਲ ਜੁੜਿਆ ਹੈ ਜਦਕਿ ਆਮ ਜਨਤਾ ਦੀ ਸੁਰੱਖਿਆ ਨਾਲ ਵੀ ਜੁੜਿਆ ਹੈ। ਸਾਡੇ ਨਿਗਮ ਅਫਸਰਾਂ ਦੀ ਗੰਭੀਰਤਾਂ ਤਾਂ ਵੇਖੋ ਕਿ ਅਡਵਰਟਾਈਜ਼ਮੈਂਟ ਅਡਹਾਕ ਕਮੇਟੀ ਦੀ ਹੋਈਆਂ ਚਾਰ ਮੀਟਿੰਗਾਂ ਵਿੱਚੋਂ ਕੱਲਿਆਂ ਇਕ ਮੀਟਿੰਗ ਦੀ ਹੀ ਪ੍ਰੋਸੀਡਿੰਗ ਚੇਅਰਮੈਨ ਨੂੰ ਭੇਜੀ ਗਈ ਹੈ । ਜਦਕਿ ਭੇਜੀ ਗਈ ਪ੍ਰੋਸੀਡਿੰਗ ਕੇਵਲ ਅੱਧੇ ਪੇਜ਼ ਦੀ ਪਰਚੀ ਜਿਹੀ ਹੈ ਜ਼ੋ ਨਿਗਮ ਦੇ ਵਿੱਚ ਹੋਣ ਵਾਲੇ ਕੰਮ-ਕਾਜ ਦੇ ਪੱਧਰ ਤੋਂ ਥੱਲੇ ਹੈ ।

ਆਖਰੀ ਹੋਈ ਮੀਟਿੰਗ ਵਿੱਚ ਠੇਕੇਦਾਰ ਦੇ ਬਾਈਲਾਜ਼ ਦੇ ਵਿਰੁੱਧ ਲੱਗੇ ਬੋਰਡਾਂ ਨੂੰ ਉਤਾਰਣ ਵਾਸਤੇ ਇੱਕ ਮਤਾ ਪਾਸ ਕੀਤਾ ਗਿਆ ਸੀ, ਮੀਟਿੰਗ ਜੁਆਇੰਟ ਕਮਿਸ਼ਨਰ ਦੀ ਮੌਜੂਦਗੀ ਵਿੱਚ ਹੋਈ ਫੇਰ ਵੀ ਹਾਲੇ ਤੱਕ ਪ੍ਰੋਸੀਡਿੰਗ ਨਹੀਂ ਭੇਜੀ ਗਈ ਹੈ ।

ਠੇਕੇਦਾਰ ਵਲੋਂ ਲੱਗੇ ਹੋਏ ਬੋਰਡ ਜਾਂ ਤਾਂ ਸੜਕਾਂ ਦੇ ਵਿੱਚ ਲਗਾਏ ਗਏ ਹਨ, ਜਾਂ ਫੇਰ ਚੌਕਾਂ ਦੀਆਂ ਨੁਕਰਾਂ ਤੇ ਲਾ ਕੇ ਜਨਤਾ ਦੀ ਜਾਨ ਲਈ ਖਤਰਾ ਬਣੇ ਹੋਏ ਹਨ । ਇਥੇ ਧਿਆਨ ਯੋਗ ਗੱਲ ਇਹ ਹੈ ਕਿ ਨਗਰ ਨਿਗਮ ਐਕਟ ਦੇ ਸੈਕਸ਼ਨ 124, 125 ਦੇ ਅਧੀਨ ਹੀ ਅਡਵਰਟਾਈਜ਼ਮੈਂਟ ਅਡਹਾਕ ਕਮੇਟੀ ਦੇ ਮੈਂਬਰਾਂ ਨੇ ਮਿਤੀ 15.1.2021 ਨੂੰ ਹੋਈ ਮੀਟਿੰਗ ਵਿੱਚ ਠੇਕੇਦਾਰ ਦੇ 21 ਬੋਰਡ ਉਤਾਰਣ ਦਾ ਮਤਾ ਪਾਸ ਕੀਤਾ ਸੀ ।

1. ਪੰਜਾਬ ਮਿਊਨਸਪਲ ਐਕਟ ਸੈਕਸ਼ਨ 124 ਆਪਣੇ ਚਾਰ ਭਾਗਾਂ ਵਿੱਚ ਇਹ ਸਪਸ਼ਟ ਕਰਦਾ ਹੈ ਕਿ

(ੳ) ਜੇਕਰ ਅਡਵਰਟਾਈਜ਼ਮੈਂਟ ਬਾਈਲਾਜ਼ ਦੇ ਮੁਤਾਬਕ ਨਹੀਂ ਲੱਗੀ ਹੈ ।

(ਅ) ਜੇਕਰ ਪਾਸ ਕੀਤੀ ਅਡਵਰਟਾਈਜ਼ਮੈਂਟ ਮਟੀਰੀਅਲ ਵਿੱਚ ਕੋਈ ਫਰਕ ਪਾਇਆ ਗਿਆ ਹੈ ।

(ੲ) ਜਾਂ ਲਗਾਏ ਗਏ ਬੋਰਡ, ਉਸ ਦੇ ਫਰੇਮ ਜਾਂ ਉਸ ਦੇ ਢਾਂਚੇ ਅਤੇ ਉਸ ਦੇ ਖੰਭੇ ਜਿਸ ਤੇ ਬੋਰਡ ਖੜਾ ਕੀਤਾ ਗਿਆ ਹੈ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਜਾਂ ਉਸ ਨੂੰ ਵਧਾਇਆ ਜਾਂਦਾ ਹੈ, ਤਾਂ ਵਿਗਿਆਪਣ ਲਗਾਉਣ ਲਈ ਮਿਲੀ ਹੋਈ ਕਮਿਸ਼ਨਰ ਦੀ ਮੰਜੂਰੀ ਜ਼ੋ ਕਮਿਸ਼ਨਰ ਵਲੋਂ ਸੈਕਸ਼ਨ 123 ਅਧੀਨ ਦਿੱਤੀ ਜਾਂਦੀ ਹੈ ਆਪਣੇ ਆਪ ਹੀ ਖਤਮ ਮੰਨੀ ਜਾਵੇਗੀ।

2. ਮੁਨਸਿਪਲ ਐਕਟ ਸੈਕਸ਼ਨ 125 ਦੇ ਮੁਤਾਬਕ ਜੇਕਰ ਲਗਾਇਆ ਗਿਆ ਵਿਗਿਆਪਣ ਨਿਯਮਾਂ ਦੇ ਵਿਰੁੱਧ, ਮਿਉਂਸਪਲ ਐਕਟ ਦੇ ਮਾਨਕਾਂ ਦੇ ਵਿਰੁੱਧ ਜਾਂ ਬਾਈਲਾਜ਼ ਦੇ ਵਿਰੁੱਧ ਹੈ ਅਤੇ ਉਲੰਘਣਾਵਾਂ ਪਰਮਾਣਿਤ ਹਨ ਤਦ ਬਿਨਾ ਕਿਸੇ ਦੇ ਕਹੇ ਹੀ ਉਹ ਉਲੰਘਨਾ ਮੰਨੀ ਜਾਵੇਗੀ ਅਤੇ ਦਿੱਤੀ ਇਜਾਜਤ ਮੁੱਕ ਜਾਵੇਗੀ ।

ਫਾਇਲ ਦੇਖਣ ਤੋਂ ਪਤਾ ਚੱਲਦਾ ਹੈ ਕਿ ਕਦੇ ਵੀ ਏਡਵਰਟਾਈਜ਼ਮੈਂਟ ਸੁਪਰਡੈਂਟ, ਇਨਸਪੈਕਟਰ ਨੇ ਠੇਕੇਦਾਰ ਵਲੋਂ ਕੀਤੀਆਂ ਉਲੰਘਨਾ ਬਾਰੇ ਨਿਗਮ ਨੂੰ ਸੂਚਿਤ ਨਹੀਂ ਕੀਤਾ ।

ਸਾਡੀ ਅਡਹਾਕ ਕਮੇਟੀ ਨੇ ਇਹ ਮਤਾ ਪਾਸ ਕਰਣ ਲੱਗੇ ਪੜਤਾਲ ਕਮੇਟੀ ਵਿੱਚ 21 ਯੁਨੀਪੋਲਾਂ ਵਿੱਚ ਹੋਈ ਉਲੰਘਣਾਵਾਂ ਦੀ ਪੁਸ਼ਟੀ ਰਿਪੋਰਟ ਦਫ਼ਤਰ ਵਲੋਂ ਠੇਕੇਦਾਰ ਨੂੰ ਦਿੱਤੇ ਗਏ ਨੋਟਿਸ ਵਿੱਚ ਮੰਗੇ ਗਏ ਜੁਰਮਾਨੇ ਅਤੇ ਮਿਉਂਸਪਲ ਐਕਟ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਫੈਂਸਲਾ ਲਿੱਤਾ ਸੀ । ਅਡਹਾਕ ਕਮੇਟੀ ਮੈਂਬਰਾਂ ਅਤੇ ਹੋਰ ਸੀਨੀਅਰ ਕਾਉਂਸਲਰਾਂ ਦੇ ਨਾਲ ਸੰਯੁਕਤ ਕਮਿਸ਼ਨਰ ਦੀ ਮੌਜੂਦਗੀ ਵਿੱਚ ਮਿਤੀ 13.12.2020 ਨੂੰ ਮੌਕੇ ਖੁਦ ਜਾ ਕੇ ਵੇਖੇ ਗਏ ਸਨ ।

ਇਹਨਾਂ ਅਧਿਕਾਰੀਆਂ ਵਲੋਂ ਕਦੇ ਵੀ ਕੋਈ ਆਫਿਸ ਨੋਟ, ਇਨਸਪੈਕਸ਼ਨ ਰਿਪੋਰਟ ਜਾਂ ਕਿਸੇ ਤਰ੍ਹਾਂ ਦੀ ਕੋਈ ਵੀ ਸੂਚਨਾ ਠੇਕੇਦਾਰ ਵਲੋਂ ਤੋੜੇ ਗਏ ਨਿਯਮਾਂ ਦੇ ਬਾਰੇ ਨਹੀਂ ਪੇਸ਼ ਕੀਤੀ ਗਈ, ਜਦਕਿ ਠੇਕੇਦਾਰ ਨੂੰ ਰਹਿੰਦੇ 33 ਯੂਨੀਪੋਲ ਅਲਾਟ ਕਰਾਣ ਲਈ ਪੂਰੇ ਜ਼ੋਰ ਨਾਲ ਪੱਤਰ ਵਿਹਾਰ, ਆਫਿਸ ਨੋਟ, ਰਿਪੋਰਟ ਅਤੇ ਠੇਕੇਦਾਰ ਦੀ ਸਿਫਾਰਸ਼ ਕਰਦੇ ਅਸਲ ਫਾਇਲ ਵਿੱਚ ਬੜੀ ਵਾਰ ਨਜ਼ਰ ਆਂਦੇ ਹਨ ।

ਮੈਂ ਇਹ ਮੰਗ ਕਰਦੀ ਹਾਂ ਕਿ ਕਮਿਸ਼ਨਰ ਅਤੇ ਜਾਇੰਟ ਕਮਿਸ਼ਨਰ ਮਿਉਂਸਪਲ ਏਕਟ ਅਧੀਨ ਹਾਊਸ ਵਿੱਚ ਪ੍ਰਵਾਨ ਕੀਤੀ ਗਈ ਏਡਹਾਕ ਕਮੇਟੀ ਨੂੰ ਮੰਨਦੇ ਵੀ ਹੈ ਜਾਂ ਨਹੀਂ । ਜੇ ਮੰਨਦੇ ਹਨ ਤਾਂ ਹੋਈਆਂ ਚਾਰ ਮੀਟਿੰਗਾਂ ਦੀ ਪ੍ਰੋਸੀਡਿੰਗ ਨਾ ਬਨਾਉਣ ਅਤੇ ਭੇਜਣ ਬਾਰੇ ਸਪਸ਼ਟੀਕਰਨ ਦੇਣ ਅਤੇ ਮੀਟਿੰਗ ਵਿੱਚ ਦਿੱਤੇ ਸੁਝਾਅ, ਏਤਰਾਜ਼ ਅਤੇ ਵਿਭਾਗ ਵਲੋਂ ਉਸ ਬਾਰੇ ਵੇਰਵਾ ਪੇਸ਼ ਕਰਣ ।

**ਨੰਬਰ 7– ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ ਕਾਉਂਸਲਰ ਵਾਰਡ ਨੰ: 68 ਨਗਰ ਨਿਗਮ ਜਲੰਧਰ ।**

ਫਾਇਲ ਦੇਖਣ ਤੇ ਇੱਕ ਵੱਡਾ ਖੁਲਾਸਾ ਇਹ ਵੀ ਹੋਇਆ ਹੈ ਕਿ ਇੱਕ ਸ਼ਿਕਾਇਤ ਅਸਲ ਫਾਇਲ ਵਿੱਚ ਯੂਨੀਪੋਲ ਵਾਈਜ਼ ਫੋਟੋਆਂ ਦੇ ਨਾਲ ਪੇਜ਼ ਨੰ: 482 ਤੋਂ 518 (ਲਾਲ ਰੰਗ ਵਿੱਚ ਲਿਖੀ ਨੰਬਰਿੰਗ ਮੁਤਾਬਕ) ਜਿਸਦੀ ਇੱਕ ਕਾਪੀ ਇਨਕੁਆਰੀ ਫਾਇਲ ਵਿੱਚ ਵੀ ਮੌਜੂਦ ਹੈ । ਫੋਟੋ ਵਿੱਚ ਵੇਖਿਆ ਜਾ ਸਕਦਾ ਹੈ ਕਿ ਠੇਕੇਦਾਰ ਵਲੋਂ ਢਾਂਚਿਆਂ ਨੂੰ ਜੁਗਾੜ ਨਾਲ ਲਾ ਕੇ ਪੁਰਾਣੀਆਂ ਨੀਹਾਂ ਤੇ ਲਾ ਦਿੱਤਾ ਗਿਆ ਸੀ ।

ਪਰ ਹੈਰਾਨਗੀ ਦੀ ਗੱਲ ਹੈ ਕਿ ਉਸ ਸ਼ਿਕਾਇਤ ਤੇ ਕੋਈ ਜੁਰਮਾਨਾ ਜਾਂ ਕਾਰਵਾਈ ਨਹੀਂ ਹੋਈ, ਇਸ ਦਾ ਕੋਈ ਵੀ ਵੇਰਵਾ ਫਾਇਲ ਵਿੱਚ ਨਹੀਂ ਹੈ ਯਾਨਿ ਮਤਲਬ ਸਾਫ ਹੈ ਕਿ ਠੇਕੇਦਾਰ ਨੂੰ ਇਸ ਦੀ ਜਾਣਕਾਰੀ ਚੁਪ-ਚਾਪ ਦੇ ਦਿੱਤੀ ਗਈ ਜਿਸਦੇ ਬਾਅਦ ਅੰਦਰ ਖਾਤੇ ਸੈਟਿੰਗ ਕਰ ਲਿੱਤੀ ਗਈ ਅਤੇ ਠੇਕੇਦਾਰ ਨੇ ਸੁਧਾਰ ਕਰ ਲਿੱਤੇ ਹਨ ।

ਕਿਉਂਕਿ ਸ਼ਿਕਾਇਤ ਨਾਲ ਫੋਟੋਆਂ ਨੱਥੀ ਹਨ, ਇਸ ਕਰਕੇ ਸ਼ਿਕਾਇਤ ਨੂੰ ਝੂਠਾ ਨਹੀਂ ਕਿਹਾ ਜਾ ਸਕਦਾ ਸੀ, ਠੇਕੇਦਾਰ ਦਾ ਫਾਇਦਾ ਦੇਖਦੇ ਹੋਏ ਬਿਨਾ ਕਿਸੀ ਜੁਰਮਾਨੇ ਦੇ ਸ਼ਿਕਾਇਤ ਠੰਡੇ ਬਸਤੇ ਵਿੱਚ ਪਾਣਾ ਠੇਕੇਦਾਰ ਦੀ ਅਫ਼ਸਰਾਂ ਨਾਲ ਮਿਲੀਭੁਗਤ ਦਰਸਾਂਦਾ ਹੈ ।

ਇਸ ਤੋਂ ਇਲਾਵਾ ਵੀ ਪੂਰੇ ਖੇਲ ਦਾ ਇੱਕ ਖਾਕਾ ਇਸ ਸ਼ਿਕਾਇਤ ਵਿੱਚ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਜੇਕਰ ਇਸ ਸ਼ਿਕਾਇਤ ਤੇ ਕਾਰਵਾਹੀ ਹੁੰਦੀ ਹੈ ਤਾਂ ਇਹ ਹਾਲਾਤ ਨਾ ਹੁੰਦੇ । ਅਤੇ ਠੇਕਾ ਹੋਰ ਕੁਝ ਦਿਨਾਂ ਵਿੱਚ ਹੀ ਮੁਕਣ ਵਾਲਾ ਹੁੰਦਾ ।

ਇੱਥੇ ਧਿਆਨਯੋਗ ਗੱਲ ਇਹ ਹੈ ਕਿ ਜਿਹੜੀ ਬਣਾਈ ਗਈ ਪੜਤਾਲ ਕਮੇਟੀ ਵਲੋਂ ਦਫ਼ਤਰ ਦਾਖਲ ਰਿਪੋਰਟ ਵਿੱਚ ਇਹ ਹੀ ਦੱਸਿਆ ਜਾਣਾ ਬੰਨਦਾ ਸੀ ਕਿ ਠੇਕੇਦਾਰ ਵਲੋਂ ਕੀ-ਕੀ ਉਲੰਘਨਾਵਾਂ ਕੀਤੀਆਂ ਗਈਆਂ ਹਨ ਜਾਂ ਉਹਨਾਂ ਉਲੰਘਨਾਵਾਂ ਬਾਰੇ ਅਧਿਕਾਰੀਆਂ ਵਲੋਂ ਕੀਤੀਆਂ ਅਣਗਹਿਲੀਆਂ ਦਸਣੀਆਂ ਬਣਦੀਆਂ ਸੀ ਪਰ ਇਸ ਪੜਤਾਲ ਕਮੇਟੀ ਨੇ ਜਿਸ ਵਿੱਚ ਐਸ.ਈ.(ਬੀ ਐਂਡ ਆਰ), ਐਸ.ਈ.(ਓ ਐਂਡ ਐਮ) ਅਤੇ ਸੁਪਰਡੰਟ ਐਡਵਰਟਾਈਜ਼ਮੈਂਟ ਦੇ ਰੈਂਕ ਦੇ ਅਧਿਕਾਰੀ ਆਪਣੇ ਤੋਂ ਉਚੇ ਅਤੇ ਛੋਟੇ ਅਧਿਕਾਰੀਆਂ ਤੇ ਕਾਰਵਾਈ ਨਾ ਕਰਨ ਵਾਸਤੇ ਸਿਫਾਰਸ਼ ਕਰਦੇ ਨਜ਼ਰ ਆ ਰਹੇ ਹਨ । ਇਹ ਕਮੇਟੀ ਪੜਤਾਲ ਕਰਨ ਲਈ ਬਣਾਈ ਗਈ ਸੀ ਨਾ ਕਿ ਆਪਣੀਆਂ ਸਿਫਾਰਸ਼ਾਂ ਕਰਨ ਲਈ ।

ਇਸ ਸ਼ਿਕਾਇਤ ਵਿੱਚ ਦਿੱਤੇ ਤਥਾਂ ਤੇ ਜਾਂਚ ਕਰਵਾਉਣੀ ਬਣਦੀ ਹੈ । ਨਾਂ ਹੋਈ ਕਾਰਵਾਹੀ ਦਾ ਸਪਸ਼ਟੀਕਰਨ ਦਿੱਤਾ ਜਾਵੇ ।

**ਫੈਸਲਾ ਮਤਾ ਨੰ: 31**

ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਵੇਂ ਕਿ ਅਖ਼ਬਾਰਾਂ ਵਿੱਚ ਮੁਲਾਜ਼ਮਾਂ ਵਲੋਂ ਦੱਸਿਆ ਗਿਆ ਹੈ ਕਿ ਅਸੀਂ ਇਸ ਬਾਰੇ ਹਾਊਸ ਦੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦੇਣਾ ਕਿਉਂਕਿ ਇਹ ਮਾਮਲਾ ਮਾਨਯੋਗ ਹਾਈਕੋਰਟ ਵਿੱਚ ਸਬਜੁਡਾਈਸ ਹੈ ।ਕੀ ਅਸੀਂ ਇਹ ਮੀਟਿੰਗ ਲੀਗਲੀ ਕਰ ਸਕਦੇ ਹਾਂ ਜਾਂ ਨਹੀਂ । ਸਾਨੂੰ ਕਮਿਸ਼ਨਰ ਜੀ ਇਸ ਬਾਰੇ ਸਪਸ਼ਟ ਕਰ ਦੇਣ।

ਸੰਯੁਕਤ ਕਮਿਸ਼ਨਰ (ਐਚ) ਨੇ ਬੋਲਦਿਆਂ ਕਿਹਾ ਕਿ ਮੈਟਰ ਸਬਜੁਡਾਈਸ ਤਾਂ ਹੈ । ਕਰਿਏਟਿਵ ਡੀਜ਼ਾਇਨਰਜ਼ ਵਲੋਂ ਇੱਕ ਰਿਟ ਨਗਰ ਨਿਗਮ ਦੇ ਖ਼ਿਲਾਫ ਕੀਤੀ ਗਈ ਹੈ ਅਤੇ ਕੋਰਟ ਨੇ ਕਿਹਾ ਹੈ ਕਿ Having heard learned Counsel for the applicants-petitioners, no ground is made out to prepone the date of hearing in the main case. Application is dismissed. Adjourned to 6.4.2021, the date already fixed for main case. ਉਹਨਾਂ ਨੇ ਮਿਤੀ ਪਰੀਪੋਨਡ ਕਰਨ ਲਈ ਕਿਹਾ ਸੀ ਜਿਹੜੀ ਕਿ ਪਹਿਲਾਂ ਹੀ 6.4.2021 ਲਈ ਮੁੱਕਰਰ ਸੀ ।ਪਰ ਕੋਰਟ ਨੇ ਮੰਨਿਆ ਨਹੀਂ ਅਤੇ ਉਹਨਾਂ ਦੀ ਐਪਲੀਕੇਸ਼ਨ ਖਾਰਜ ਕਰ ਦਿਤੀ । ਮੈਟਰ ਤਾ ਸਬਜੁਡਾਈਸ ਹੈ। ਇਸ ਬਾਰੇ ਜੁਡੀਸ਼ੀਅਲ ਪੁਆਇੰਟ ਤਾਂ ਵਕੀਲ ਹੀ ਦੱਸ ਸਕਦਾ ਹੈ ਕਿ ਅਸੀਂ ਅੱਜ ਦੀ ਇਹ ਮੀਟਿੰਗ ਕਰ ਸਕਦੇ ਹਾਂ ਜਾਂ ਨਹੀਂ ।

ਸ੍ਰੀ ਬਚਨ ਲਾਲ, ਕੌਂਸਲਰ ਨੇ ਕਿਹਾ ਕਿ ਜੇਕਰ ਪਰੋਸੀਡਿੰਗ ਸਟੇਅ ਹੈ ਤਾਂ ਅਸੀਂ ਨਹੀਂ ਕਰ ਸਕਦੇ ਅਤੇ ਜੇਕਰ ਪਰੋਸੀਡਿੰਗ ਸਟੇਅ ਨਹੀਂ ਹੈ ਤਾਂ ਫਿਰ ਤਾਂ ਕੋਈ ਗੱਲ ਨਹੀਂ । ਉਹਨਾਂ ਨੇ ਪੁਛਿਆ ਕਿ ਕੀ 33 ਯੂਨੀਪੋਲ ਦਾ ਜੋ ਹੁਕਮ

ਮਾਨਯੋਗ ਕੋਰਟ ਵਲੋਂ ਸੁਣਾਇਆ ਗਿਆ ਸੀ ਉਹ ਮੇਨਟੇਨ ਕਰਦਾ ਹੈ ਅਤੇ ਜੇਕਰ ਮੇਨਟੇਨ ਕਰਦਾ ਹੈ ਤਾਂ ਫਿਰ ਇਹ ਮੁਦਾ ਦੁਬਾਰਾ ਨਹੀਂ ਵਿਚਾਰਨਾ ਚਾਹੀਦਾ।

ਕਮਿਸ਼ਨਰ ਜੀ ਨੇ ਬੋਲਦਿਆਂ ਕਿਹਾ ਕਿ ਜਿੰਨੀ ਕੁ ਮੈਂ ਫਾਈਲ ਦੇਖੀ ਹੈ ਅਤੇ ਜਿੰਨੀ ਕੁ ਮੈਨੂੰ ਜਾਣਕਾਰੀ ਹੈ ਇਸ ਬਾਰੇ ਜਦੋਂ ਉਸਨੂੰ 59 ਯੂਨੀਪੋਲਾਂ ਵਿਚੋਂ ਸਿਰਫ 26 ਯੂਨੀਪੋਲਾਂ ਦਾ ਕੰਟਰੈਕਟ ਦਿੱਤਾ ਗਿਆ ਸੀ ਤੇ ਉਦੋਂ ਉਹ ਮਾਨਯੋਗ ਹਾਈਕੋਰਟ ਵਿੱਚ ਗਿਆ ਸੀ ਉਦੋਂ ਚੀਫ ਜ਼ਸਟਿਸ ਜੀ ਨੇ ਉਸ ਸਮੇਂ ਦੇ ਕਮਿਸ਼ਨਰ ਨੂੰ ਮਾਨਯੋਗ ਕੋਰਟ ਵਿੱਚ ਬੁਲਾਇਆ ਸੀ ਅਤੇ ਇਹ ਕਿਹਾ ਗਿਆ ਸੀ ਕਿ ਇਨ੍ਹਾਂ ਨੂੰ 33 ਪੋਲ ਇੰਨੇ ਦਿਨਾਂ ਵਿੱਚ ਦੋਵੇਂ ਪਾਰਟੀਆਂ ਬੈਠ ਕੇ ਐਮਕੇਬਲੀ ਦਿੱਤੇ ਜਾਣ ।ਦੋਵੇਂ ਪਾਰਟੀਆਂ ਨੇ ਐਮਕੇਬਲੀ ਬੈਠ ਕੇ ਅਤੇ ਏ.ਆਰ.ਸੀ. ਕਮੇਟੀ ਦੀ ਮੰਜੂਰੀ ਤੋਂ ਬਾਅਦ ਥਾਂਵਾਂ ਅਲਾਟ ਕੀਤੀਆਂ ਸਨ ਅਤੇ ਇਸ ਗਰਾਉਂਡ ਤੇ ਉਹ ਰਿਟ ਡਿਸਮਿਸ ਹੋ ਗਈ ਸੀ ।ਅਸੀਂ ਅੱਜ ਓਹੀ ਚੀਜ ਰੀ-ਓਪਨ ਕਰ ਰਹੇ ਹਾਂ ।ਕਿਉਂਕਿ ਉਦੋਂ ਕੋਰਟ ਨੇ ਉਹ ਚੀਜ ਕੰਟੈਮਪਟ ਆਫ ਕੋਰਟ ਲਈ ਸੀ। ਸੋ ਅਸੀਂ ਓਹੀ ਚੀਜ ਡਿਸਕਸ ਕਰਨ ਜਾ ਰਹੇ ਹਾਂ ਜ਼ੋ ਕੋਰਟ ਵਿੱਚ ਸੀ ਅਤੇ ਕੋਰਟ ਵਲੋਂ ਉਹ ਰਿਟ ਡਿਸਮਿਸ ਹੋ ਚੁੱਕੀ ਹੈ।ਜੇਕਰ ਹਾਊਸ ਚਾਹੁੰਦਾ ਹੈ ਅਤੇ ਮੇਅਰ ਜੀ ਚਾਹੁੰਦੇ ਹਨ ਤਾਂ ਬਿਹਤਰ ਹੋਵੇਗਾ ਕਿ ਅਸੀਂ ਇਹ ਸਾਰਾ ਕੇਸ ਚੰਡੀਗੜ ਲੀਗਲ ਰਾਏ ਲਈ ਭੇਜ਼ ਦੇਈਏ ਕਿ ਦੱਸਿਆ ਜਾਵੇ ਕਿ ਕੀ ਕੀਤਾ ਜਾਵੇ ਤਾਂ ਜ਼ੋ ਕਿਸੇ ਤਰ੍ਹਾਂ ਦੀ ਹਾਊਸ ਨੂੰ, ਮੇਅਰ ਜੀ ਨੂੰ ਜਾਂ ਕਿਸੇ ਮੈਂਬਰ ਨੂੰ ਕੋਈ ਲੀਗਲ ਕੰਪਲੀਕੇਸ਼ਨ ਨਾ ਆਵੇ । ਅਸੀਂ ਪੂਰਾ ਕੇਸ ਬਨਾ ਕੇ ਮੇਅਰ ਜੀ ਨੂੰ ਚੈਕ ਕਰਵਾਕੇ ਚੰਡੀਗੜ੍ਹ ਭੇਜ਼ ਦਿੰਦੇ ਹਾਂ । ਸਾਨੂੰ ਜਲਦੀ ਵਿੱਚ ਅਜਿਹਾ ਕੋਈ ਫੈਸਲਾ ਨਹੀਂ ਲੈਣਾ ਚਾਹੀਦਾ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਨੇ ਕਿਹਾ ਕਿ 33 ਯੂਨੀਪੋਲ ਲਗਾਉਣ ਵਿੱਚ ਦੇਰੀ ਕਿਉ ਹੋਈ ਸੀ। ਤਿੰਨ ਸਾਲ ਕਿਉਂ ਲੱਗੇ 33 ਯੂਨੀਪੋਲ ਦੇਣ ਲਈ ।

ਕਮਿਸ਼ਨਰ ਜੀ ਨੇ ਬੋਲਦਿਆਂ ਕਿਹਾ ਕਿ 33 ਯੂਨੀਪੋਲ ਮਾਨਯੋਗ ਕੋਰਟ ਦੇ ਹੁਕਮਾਂ ਨਾਲ ਹੀ ਅਲਾਟ ਕੀਤੇ ਗਏ ਸੀ ਅਤੇ ਹੁਣ ਅਸੀਂ ਓਹੀ ਚੀਜ ਮੁੜ੍ਹ ਡਿਸਕਸ ਕਰ ਰਹੇ ਹਾਂ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਨੇ ਕਿਹਾ ਕਿ ਜੇਕਰ ਇਹ ਕੇਸ ਚੰਡੀਗੜ੍ਹ ਹੀ ਭੇਜਣਾ ਹੈ ਤਾਂ ਫਿਰ ਟੈਂਡਰ ਰੱਦ ਕੀਤਾ ਜਾਵੇ ।

ਕਮਿਸ਼ਨਰ ਜੀ ਨੇ ਬੋਲਦਿਆਂ ਕਿਹਾ ਕਿ ਇਸ ਤਰ੍ਹਾਂ ਨਹੀਂ ਹੁੰਦਾ ਮੈਂ ਮੇਅਰ ਜੀ ਨਾਲ ਜੁੜ੍ਹਿਆਂ ਹੋਇਆ ਹਾਂ ਅਤੇ ਮੈਂ ਨਹੀਂ ਚਾਹਾਂਗਾ ਕਿ ਕੋਈ ਅਜਿਹਾ ਆਰਡਰ ਪਾਸ ਕੀਤਾ ਜਾਵੇ ਜਿਸ ਨਾਲ ਮਾਨਯੋਗ ਕੋਰਟ ਦੀ ਉਲੰਘਣਾ ਹੋਵੇ। ਸਾਨੂੰ ਥੋੜਾ ਇੰਤਜ਼ਾਰ ਕਰਨਾ ਚਾਹੀਦਾ ਹੈ ਅਤੇ ਲੀਗਲ ਰਾਏ ਲੈਣੀ ਚਾਹੀਦੀ ਹੈ । ਜੇਕਰ ਲੀਗਲ ਰਾਏ ਮੁਤਾਬਕ ਉਸ ਨੂੰ ਰੱਦ ਕਰਨਾ ਪਿਆ ਤਾਂ ਕਰਾਂਗੇ ਅਤੇ ਇਸ ਬਾਰੇ ਸਰਕਾਰ ਨੂੰ ਕੇਸ ਬਨਾ ਕੇ ਭੇਜ਼ ਦਿਆਂਗੇ ।

ਸੰਯੁਕਤ ਕਮਿਸ਼ਨਰ (ਐਚ) ਨੇ ਕਿਹਾ ਕਿ ਮਾਨਯੋਗ ਕੋਰਟ ਦੇ ਹੁਕਮਾਂ ਨਾਲ ਦਿੱਤੇ ਗਏ ਯੂਨੀਪੋਲਾਂ ਸਬੰਧੀ ਅਸੀਂ ਜੇਕਰ ਕੋਈ ਫੈਸਲਾ ਉਸ ਦੇ ਵਿਰੁੱਧ ਲੈਂਦੇ ਹਾਂ ਤਾਂ ਉਹ ਕੰਟੈਮਪਟ ਆਫ ਕੋਰਟ ਵੀ ਬਣ ਸਕਦੀ ਹੈ ।

ਸ੍ਰੀਮਤੀ ਨੀਰਜਾ ਜੈਨ, ਕੌਂਸਲਰ ਨੇ ਕਿਹਾ ਕਿ ਕੋਰਟ ਨੇ ਸਾਈਟਾਂ ਨਹੀਂ ਦੇਣੀਆਂ ਸੀ ਉਹ ਤਾਂ ਕਮਿਸ਼ਨਰ, ਸੰਯੁਕਤ ਕਮਿਸ਼ਨਰ ਜਾਂ ਐਡਵਰਟਾਈਜ਼ਮੈਂਟ ਸ਼ਾਖਾ ਨੇ ਦੇਣੀਆਂ ਸਨ ਨਾ ਕਿ ਠੇਕੇਦਾਰ ਵਲੋਂ ਖੁਦ ਲੈਣੀਆਂ ਸਨ । ਕੀ ਉਹ ਜਿੱਥੇ ਮਰਜ਼ੀ ਲਗਾ ਲਵੇ ।ਇਸ ਦਾ ਜਵਾਬ ਦਿਓ ।

ਕਮਿਸ਼ਨਰ ਜੀ ਨੇ ਕਿਹਾ ਕਿ ਜਦੋਂ ਉਸ ਨੂੰ 33 ਪੋਲ ਨਹੀਂ ਮਿਲੇ ਸੀ ਤਾਂ ਉਸਨੇ ਮਾਨਯੋਗ ਹਾਈਕੋਰਟ ਵਿਖੇ ਰਿਟ ਕਰ ਦਿੱਤੀ ਸੀ ਜਿਸ ਨੂੰ ਮਾਨਯੋਗ ਕੋਰਟ ਨੇ As a Contempt of Court ਲਿਆ ਸੀ । ਉਦੋਂ ਦੇ ਕਮਿਸ਼ਨਰ ਮਾਨਯੋਗ ਕੋਰਟ ਵਿੱਚ ਪੇਸ਼ ਹੋਏ ਅਤੇ ਅੰਡਰਟੇਕਿੰਗ ਦਿੱਤੀ ਕਿ ਇੰਨੇ ਦਿਨਾਂ ਵਿੱਚ ਉਹਨਾਂ ਨੂੰ ਸਾਈਟਾਂ ਅਲਾਟ ਕਰ ਦਿੱਤੀਆਂ ਜਾਣਗੀਆਂ ।ਫਿਰ ਉਹਨਾਂ ਨੇ ਇਹ ਸਾਈਟਾਂ ਠੇਕੇਦਾਰ ਨੂੰ ਦੇ ਕੇ ਰਿਪੋਰਟ ਮਾਨਯੋਗ ਕੋਰਟ ਵਿੱਚ ਦਿਤੀ ਤਾਂ ਉਸ ਤੋਂ ਬਾਅਦ ਰਿਟ ਖ਼ਤਮ ਹੋਈ । We should take legal opinion to reopen ਅਸੀਂ ਕਾਹਲੀ ਵਿੱਚ ਕੋਈ ਅਜਿਹਾ ਫੈਸਲਾ ਨਾ ਲਈਏ ਕਿਉਂਕਿ ਇਹ ਸਾਰੀ ਪਰੋਸੀਡਿੰਗ ਨੋਟ ਹੋਣੀ ਹੈ ਅਤੇ ਕੋਰਟ ਵਿੱਚ ਜਾਣੀ ਹੈ । ਮੈਂ ਸਾਰਿਆਂ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਪਹਿਲਾਂ ਲੀਗਲ ਓਪੀਨਿਅਨ ਲੈਣੀ ਚਾਹੀਦੀ ਹੈ ।

ਸ੍ਰੀ ਵਰੇਸ਼ ਮਿੰਟੂ, ਕੌਂਸਲਰ ਨੇ ਮੇਅਰ ਜੀ ਨੂੰ ਕਿਹਾ ਕਿ ਸਾਰਾ ਮਾਮਲਾ ਕੋਰਟ ਵਿੱਚ ਹੈ । ਨਗਰ ਨਿਗਮ ਕੋਲ ਲੀਗਲ ਐਡਵਾਈਜ਼ ਹਨ ਉਹਨਾਂ ਕੋਲੋਂ ਰਾਏ ਲਈ ਜਾਵੇ । ਜੇ ਕੰਪਨੀ ਕੋਰਟ ਵਿੱਚ ਗਈ ਤਾਂ ਜਿਹੜੇ ਬੋਰਡ ਉਹਨੇ ਨਗਰ ਨਿਗਮ ਦੀ ਜ਼ਮੀਨ ਤੇ ਇਲੀਗਲ ਲਗਾਏ ਹੈ ਕੀ ਕੋਰਟ ਉਹਨੂੰ ਇਜਾਜ਼ਤ ਦਿੰਦੀ ਹੈ । ਉਹਨਾਂ ਇਲੀਗਲ ਬੋਰਡਾਂ ਤੇ ਕਾਰਵਾਈ ਕਿਉਂ ਨਹੀਂ ਹੋਈ।ਸਾਡੇ ਚੇਅਰਮੈਨ ਜਾ ਕੇ ਉਹਨਾਂ ਨੂੰ ਸਾਈਟਾਂ ਦਿਖਾ ਕੇ ਆਏ ਹਨ।ਨਗਰ ਨਿਗਮ ਵਲੋਂ ਇਹ ਇਲੀਗਲ ਬੋਰਡ ਕਿਉਂ ਨਹੀਂ ਉਤਾਰੇ ਗਏ । ਉਸਦੇ ਖ਼ਿਲਾਫ ਕਿਉਂ ਅਜ ਤੱਕ ਕਾਰਵਾਈ ਨਹੀਂ ਹੋਈ ।ਤੁਹਾਡੇ ਧਿਆਨ ਵਿੱਚ ਇਹ ਗੱਲ ਤਿੰਨ ਸਾਲ ਪਹਿਲਾ ਆ ਗਈ ਸੀ ਅਤੇ ਇਹ ਮੀਟਿੰਗ ਤਿੰਨ ਸਾਲ ਪਹਿਲਾਂ ਹੋਣੀ ਚਾਹੀਦੀ ਸੀ ।ਤਿੰਨ ਸਾਲ ਇਹ ਮਾਮਲਾ ਲਟਕਾਇਆ । ਲਗਾਤਾਰ 16-17 ਵਾਰ ਟੈਂਡਰ ਲਗਾਏ ਪਰ ਸਿਰੇ ਨਹੀਂ ਚੜੇ । ਸਭ ਤੋਂ ਜਿਆਦਾ ਨੁਕਸਾਨ ਇਸ ਮਹਿਕਮੇਂ

ਵਲੋਂ ਕੀਤਾ ਗਿਆ । ਮੈਂ ਤੁਹਾਡੀ ਤਰੀਫ ਕਰਦਾ ਹਾਂ ਕਿ ਤੁਸੀਂ ਇਸ ਬਾਰੇ ਉਪਰਾਲਾ ਕੀਤਾ ਹੈ ਪਰ ਇਸਦਾ ਰਿਜ਼ਲਟ ਜ਼ਰੂਰ ਨਿਕਲਣਾ ਚਾਹੀਦਾ ਹੈ । ਤੁਸੀਂ ਪਹਿਲਾਂ 14 ਕਰੋੜ ਰੁਪਏ ਦੇ ਪੈਚ ਵਰਕ ਘੋਟਾਲੇ ਦੀ ਗੱਲ ਕਰਦੇ ਰਹੇ ਪਰ ਸਾਬਤ ਨਹੀਂ ਕਰ ਸਕੇ । ਐਲ.ਈ.ਡੀ. ਲਾਈਟਾਂ ਦੇ ਪ੍ਰੋਜੈਕਟ ਨੂੰ ਵੀ ਤੁਸੀਂ ਘਪਲਾ ਦੱਸਦੇ ਰਹੇ ਪਰ ਸਾਬਤ ਨਹੀਂ ਕਰ ਪਾਏ । ਰੋਡ ਸਵੀਪਿੰਗ ਮਸ਼ੀਨ ਬਾਰੇ ਵੀ ਤੁਸੀਂ ਘਪਲਾ ਦੱਸਦੇ ਰਹੇ ਅਤੇ ਜਿਹੜੀਆਂ ਰੋਡ ਸਵੀਪਿੰਗ ਮਸ਼ੀਨਾਂ ਤੁਸੀਂ ਲੈ ਕੇ ਆਏ ਹੋ ਉਹਨਾਂ ਦਾ ਵੀ ਕੋਈ ਚੰਗਾ ਰਿਜ਼ਲਟ ਨਹੀਂ ਆਇਆ । ਇਸ ਲਈ ਜੇਕਰ ਕਰਨ ਲੱਗੇ ਹੋ ਤਾਂ ਉਸਦਾ ਬੇਹਤਰ ਰਿਜ਼ਲਟ ਆਵੇ ਜਿਸ ਨਾਲ ਨਗਰ ਨਿਗਮ ਨੂੰ ਫਾਇਦਾ ਹੋਵੇ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੋਂਸਲਰ ਨੇ ਕਿਹਾ ਮੇਅਰ ਜੀ ਬਹੁਤ ਵਧੀਆ ਕੰਮ ਕਰ ਰਹੇ ਹਨ । ਐਲ.ਈ.ਡੀ. ਲਾਈਟਾਂ ਦਾ ਜਿਹੜਾ ਪ੍ਰੋਜੈਕਟ ਤੁਸੀਂ 275 ਕਰੋੜ ਦਾ ਬਣਾਇਆ ਸੀ ਉਹ ਹੁਣ 44 ਕਰੋੜ ਰੁਪਏ ਦਾ ਲੱਗ ਰਿਹਾ ਹੈ । ਰੋਡ ਸਵੀਪਿੰਗ ਮਸ਼ੀਨਾਂ ਦਾ ਫਾਇਦਾ ਹੋ ਰਿਹਾ ਹੈ ।

ਸ੍ਰੀ ਸੁਸ਼ੀਲ ਕੁਮਾਰ, ਕੋਂਸਲਰ ਨੇ ਕਿਹਾ ਕਿ ਗਰੀਨ ਬੈਲਟਾਂ ਦੀ ਉਸਾਰੀ ਅੱਗੇ ਇੰਡਸਰੀਅਲਿਸਟ ਕਰਦੇ ਸਨ ਪਰ ਤੁਸੀਂ ਹੁਣ 20 ਕਰੋੜ ਰੁਪਏ ਇਸ ਤੇ ਖ਼ਰਚ ਕਰ ਰਹੇ ਹੋ । ਤਹਿਬਜ਼ਾਰੀ ਅਤੇ ਐਡਵਰਟਾਈਜ਼ਮੈਂਟ ਇੱਕੋ ਹੀ ਸੁਪਰਡੰਟ ਦੇਖ ਰਿਹਾ ਹੈ। ਇਸ ਨੂੰ ਵੰਡ ਕਿਉਂ ਨਹੀਂ ਦਿੰਦੇ । ਕੀ ਪਾਰਕਿੰਗ ਸ਼ਹਿਰ ਅੰਦਰ ਦਰੁਸਤ ਹੋ ਗਈ ਹੈ । ਅੱਜ ਇਹ ਗੱਲ ਕਰ ਰਹੇ ਹੋ ਕਿ ਕੀ ਕੋਰਟ ਪਰਮਿਟ ਕਰਦੀ ਹੈ ਅੱਜ ਦੇ ਇਸ ਅਜੰਡੇ ਨੂੰ । ਸਾਨੂੰ ਪਹਿਲਾਂ ਹੀ ਇਹ ਕਰ ਲੈਣਾ ਚਾਹੀਦਾ ਸੀ ਅਤੇ ਇੰਨਾਂ ਟਾਈਮ ਨਹੀਂ ਸੀ ਵੇਸਟ ਕਰਨਾ ਚਾਹੀਦਾ ।

ਸ੍ਰੀ ਦੇਸ ਰਾਜ ਜੱਸਲ, ਕੋਂਸਲਰ ਨੇ ਕਿਹਾ ਕਿ ਪਹਿਲਾਂ ਅਜੰਡਾ 72 ਘੰਟੇ ਪਹਿਲਾਂ ਆਉਂਦਾ ਸੀ ਅਤੇ ਅੱਜ ਦਾ ਇਹ ਅਜੰਡਾ ਉਹਨਾਂ ਨੂੰ 12 ਦਿਨ ਪਹਿਲਾਂ ਮਿਲਿਆ । ਕੀ ਅਜੇ ਵੀ ਡਿਸਕਸ ਕਰਨੀ ਬਣਦੀ ਹੈ। ਜਲੰਧਰ ਸ਼ਹਿਰ ਦੇ ਕਾਂਗਰਸ ਪਾਰਟੀ ਦੇ ਚਾਰ ਐਮ.ਐਲ.ਏ. ਅਤੇ ਇੱਕ ਸਾਂਸਦ ਹਨ । ਕੀ ਤੁਸੀਂ ਆਈਟਮ ਨੰ: 31 ਲਿਆਉਣ ਲਈ ਇਹਨਾਂ ਦੀ ਕੋਈ ਸਲ੍ਹਾਹ ਲਈ । ਅੱਜ ਅਜਿਹੀਆਂ ਗੱਲਾਂ ਕਰਕੇ ਤੁਸੀਂ ਸ਼ਹਿਰ ਦਾ ਕੀ ਬਨਾਉਣਾ ਚਾਹੁੰਦੇ ਹੋ। 31 ਨੰ: ਆਈਟਮ ਲਿਆ ਕੇ ਤੁਸੀਂ ਚਾਰੋ ਐਮ.ਐਲ.ਏ. ਸਾਹਿਬ ਜਾਂ ਸਾਂਸਦ ਜੀ ਨੂੰ ਕੀ ਦੱਸਣਾ ਚਾਹੁੰਦੇ ਹੈ।ਲਾਕਡਾਊਨ ਵਿੱਚ ਕਿਸੇ ਡਿਪਾਰਟਮੈਂਟ ਨੂੰ ਕੋਈ ਪੈਸਾ ਨਹੀਂ ਮਿਲਿਆ ਪਰ ਜਿਸ ਠੇਕੇਦਾਰ ਦੀ ਤੁਸੀਂ ਅੱਜ ਗੱਲ ਕਰ ਰਹੇ ਹੋ, ਲਾਕਡਾਊਨ ਵਿੱਚ ਉਸ ਨੇ ਚੈਕਾਂ ਰਾਹੀਂ ਲੱਖਾਂ ਰੁਪਏ ਨਗਰ ਨਿਗਮ ਨੂੰ ਜਮ੍ਹਾਂ ਕਰਵਾਏ ਹਨ । ਤੁਸੀਂ ਜਿਹੜਾ ਕਰਪਟ ਅਫ਼ਸਰ ਹੈ, ਉਸ ਤੇ ਕਾਰਵਾਈ ਕਰੋ । ਇਹ ਗੱਲ ਅੰਦਰ ਬੈਠ ਕੇ ਵੀ ਹੋ ਸਕਦੀ ਸੀ ਪਰ ਤੁਸੀਂ ਅਖ਼ਬਾਰਾਂ ਵਿੱਚ ਲਿਆ ਕੇ ਪੂਰੇ ਭਾਰਤ ਨੂੰ ਕੀ ਦੱਸਣਾ ਚਾਹੁੰਦੇ ਹੋ । ਇਸ ਨਾਲ ਕਾਂਗਰਸ ਪਾਰਟੀ ਦੀ ਪੂਰੀ ਬਦਨਾਮੀ ਹੋਈ ਹੈ । ਹਾਊਸ ਵਿੱਚ ਇਹ ਅਜੰਡਾ ਨਹੀਂ ਦੇਣਾ ਚਾਹੀਦਾ ਸੀ । ਇਹ ਕਾਰਵਾਈ ਪੁਲਿਸ ਰਾਹੀਂ ਹੋਣੀ ਚਾਹੀਦੀ ਸੀ ਨਾ ਕਿ ਹਾਊਸ ਰਾਹੀਂ ।

ਸ੍ਰੀ ਬਲਜੀਤ ਸਿੰਘ ਥਿੰਦ, ਕੋਂਸਲਰ ਨੇ ਮੇਅਰ ਜੀ ਨੂੰ ਕਿਹਾ ਕਿ ਜ਼ੋ ਵੀ ਲੀਗਲ ਕਾਰਵਾਈ ਕਰਨੀ ਹੈ ਤੁਰੰਤ ਐਕਸ਼ਨ ਲਿਆ ਜਾਵੇ ਤਾਂ ਕਿ ਸ਼ਹਿਰ ਵਾਸੀਆਂ ਨੂੰ ਪਤਾ ਲੱਗੇ । ਅਸੀਂ ਪਾਰਟੀ ਲੈਵਲ ਤੋਂ ਉਪਰ ਉਠ ਕੇ ਤੁਹਾਡੇ ਨਾਲ ਹਾਂ ।

ਸ੍ਰੀ ਪਵਨ ਕੁਮਾਰ, ਕੋਂਸਲਰ ਨੇ ਕਿਹਾ ਕਿ ਜਿਹੜੀ ਗੱਲ ਹੋ ਰਹੀ ਹੈ ਕਿ ਇਹ ਮਾਮਲਾ ਸਬਜੁਡਾਈਸ ਹੈ ਤਾਂ ਮੇਅਰ ਜੀ ਨੇ ਆਰਡਰ ਕੀਤਾ ਸੀ ਕਿ 15 ਦਿਨਾਂ ਦੇ ਅੰਦਰ ਕਮਿਸ਼ਨਰ ਨਗਰ ਨਿਗਮ ਫੈਸਲਾ ਲੈਣ । ਉਸ ਤੋਂ ਬਾਅਦ ਵੀ ਮੇਅਰ ਜੀ ਨੇ ਕਈ ਵਾਰ ਕਮਿਸ਼ਨਰ ਨੂੰ ਪੱਤਰ ਲਿਖੇ ਪਰ ਕਮਿਸ਼ਨਰ ਵਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ । ਕੋਰਟ ਨੇ ਕਿਹਾ ਕਿ ਸੈਟਲਮੈਂਟ ਕਰੋ ਪਰ ਜਵਾਬ ਨਹੀਂ ਗਿਆ । ਫਿਰ ਕੋਰਟ ਨੇ 33 ਪੋਲ ਦੇਣ ਲਈ ਹੁਕਮ ਕੀਤਾ । ਇਹ ਸਾਰੀ ਨੈਗਲੀਜੈਂਸ ਕਿਸ ਦੀ ਹੈ । ਕੋਰਟ ਦੇ ਅਖ਼ੀਰਲੇ ਪੰਨੇ ਤੇ ਲਿਖਿਆ ਹੈ ਕਿ In view of co joint statement made by the learned Counsel, it is made clear that the court has not gone into the order passed at the direction issued in respect of Inquiry initiated by the Corporation in respect of work done by the petitioner. ਅਸੀ ਤਾਂ ਇਹ ਕਹਿੰਦੇ ਹਾਂ ਕਿ ਜਿਹੜੀਆਂ ਇਨਕੁਆਰੀਆਂ ਤੁਸੀਂ ਕਰਵਾਈਆਂ ਹਨ ਉਹਨਾਂ ਤੇ ਕੀ ਐਕਸ਼ਨ ਹੋਇਆ ਹੈ। ਐਗਰੀਮੈਂਟ ਮਿਸਮੈਚ ਹੈ । ਪੜਤਾਲ ਕਮੇਟੀ ਨੇ ਰਿਪੋਰਟ ਕੀਤੀ ਸੀ ਕਿ ਐਗਰੀਮੈਂਟ ਮਿਸਮੈਚ ਹੈ । ਟੈਂਡਰ ਕੀ ਹੈ ਅਤੇ ਐਗਰੀਮੈਂਟ ਕੀ ਹੋਇਆ ਹੈ। ਅਸੀਂ ਹਾਊਸ ਨੂੰ ਇਹੋ ਜਾਣਕਾਰੀ ਦੇ ਰਹੇ ਹਾਂ ਅਸੀਂ ਇਸ ਵਿਚ ਕੁਝ ਨਹੀਂ ਕੀਤਾ ਬਲਕਿ ਜਿਹੜਾ ਰਿਕਾਰਡ ਦਫ਼ਤਰ ਵਲੋਂ ਸਾਨੂੰ ਦਿੱਤਾ ਹੈ ਉਹ ਹੀ ਡਿਸਕਸ ਕਰ ਰਹੇ ਹਾਂ । ਇਹ ਸਾਰਾ ਕੁਝ ਕਾਰਪਰੇਸ਼ਨ ਦਾ ਡਿਪਾਰਟਮੈਂਟ ਕਹਿ ਰਿਹਾ ਹੈ । ਜਿਹੜੇ 59 ਪੋਲਾਂ ਦਾ ਟੈਡਰ ਸੀ ਅਤੇ 26 ਯੂਨੀਪੋਲ ਦਿੱਤੇ ਜਦ ਕਿ ਕੋਈ ਵੀ ਫਾਇਨੈਂਸ਼ਲ ਮੈਟਰ ਹੁੰਦਾ ਹੈ ਤਾਂ ਐਫ.ਐਂਡ ਸੀ.ਸੀ. ਵਿੱਚ ਆਉਂਦਾ ਹੈ ਅਤੇ ਅਡਵਾਈਸ ਲਈ ਜਾਂਦੀ ਹੈ ਜਦ ਕਿ ਇਸ ਕੇਸ ਵਿੱਚ ਨਹੀਂ ਲਈ ਗਈ ਅਤੇ ਆਪਣੇ ਲੈਵਲ ਤੇ ਹੀ ਪਾਵਰ ਵਰਤੀ ਗਈ । ਮੈਲਾਫਾਈਡ ਇੰਟੈਂਸ਼ਨ ਉਥੇ ਹੀ ਸ਼ੁਰੂ ਹੋਈ ਹੈ । ਐਗਰੀਮੈਂਟ ਮਿਸਮੈਚ ਕੀਤਾ ਹੈ । ਵਿਗਿਆਪਣ ਸ਼ਾਖਾ ਦੀ ਹੀ ਰਿਪੋਰਟ ਹੈ ਕਿ "ਉਕਤ ਦਾ ਪਾਲਣਾ ਕਰਦੇ ਹੋਏ ਕੰਪਨੀ ਵਲੋਂ ਟਰਮਜ਼ ਐਂਡ ਕੰਡੀਸ਼ਨਸ ਅਨੁਸਾਰ ਐਗਰੀਮੈਂਟ ਤਿਆਰ ਕਰ ਦਿੱਤਾ ਗਿਆ ਹੈ । ਤਿਆਰ ਕੀਤੇ ਗਏ ਐਗਰੀਮੈਂਟ ਨੂੰ ਐਲ.ਏ. ਜੀ ਦੇ ਮੁੜ ਵਾਚਨ ਹਿੱਤ ਭੇਜਿਆ ਜਾਣਾ ਬਣਦਾ ਹੈ । ਐਲ.ਏ. ਵਲੋਂ ਲਿਖਿਆ ਗਿਆ "The Agreement prepared by the Advertisement Branch is as per the terms and conditions attached in file." ਸੋ

ਜ਼ੋ ਤੁਸੀਂ ਕਹਿ ਰਹੇ ਹੋ ਅਸੀਂ ਓਹ ਹੀ ਕੋਟ ਕਰ ਰਹੇ ਹਾਂ । ਤੁਹਾਡੇ ਹਾਊਸ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ । ਹਾਊਸ ਨੇ ਨਹੀਂ ਇਹ ਅਫ਼ਸਰ ਸਾਹਿਬਾਨ ਨੇ ਕੀਤਾ ਹੈ । ਟੈਂਡਰ ਹੋਰ ਚੀਜ ਹੈ ਅਤੇ ਐਗਰੀਮੈਂਟ ਹੋਰ ਚੀਜ ਹੈ । ਤੁਹਾਡੀ ਰਿਪੋਰਟ ਹੈ ਸਾਡੀ ਨਹੀਂ ।ਅਸੀਂ ਤਾਂ ਪਰੂਫ ਦੇ ਰਹੇ ਹਾਂ ।

ਇਸ ਤੇ ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਫਿਰ ਕਿਹਾ ਕਿ ਅਫਸਰ ਚੰਗੇ ਹਨ ਜਾਂ ਮਾੜੇ ਹਨ ਪਰ ਕਾਂਗਰਸ ਪਾਰਟੀ ਦੀ ਬਦਨਾਮੀ ਹੋ ਰਹੀ ਹੈ । ਤਿੰਨ ਸਾਲਾਂ ਬਾਅਦ ਤੁਸੀਂ ਮਿੱਟੀ ਝਾੜਣ ਲੱਗ ਪਏ ਹੋ ।

ਸ੍ਰੀਮਤੀ ਸ੍ਵੇਤਾ ਧੀਰ, ਕੌਂਸਲਰ ਨੇ ਕਿਹਾ ਮੈਂ ਐਡਹਾਕ ਕਮੇਟੀ ਦੇ ਨਾਲ ਹਾਂ । ਟੈਂਡਰ ਰੱਦ ਹੋਣਾ ਚਾਹੀਦਾ ਹੈ । ਜਨਤਾ ਦੀ ਸੁਰੱਖਿਆ ਦਾ ਮਾਮਲਾ ਹੈ । ਕਮੇਟੀ ਦੀ ਚੇਅਰਮੈਨ ਵੱਲੋ ਵਿਖਾਈ ਗਈ 2019 ਦੀ ਇਨਕੁਆਰੀ ਕਮੇਟੀ ਦੀ ਰਿਪੋਰਟ ਵਿੱਚ ਵੀ ਯੂਨੀਪੋਲਾਂ ਦੇ ਫਰੇਮ/ ਸਟਰਕਚਰ ਨੂੰ ਬਣਾਉਣ ਲਈ ਵਰਤਿਆਂ ਗਿਆ ਸਮਾਨ/ ਮਟੀਰੀਅਲ ਸਪੈਸੀਫੀਕੇਸ਼ਨ ਤੋਂ ਭਿੰਨ ਪਾਇਆ ਗਿਆ ਸੀ।

ਕਿਉਂਕਿ ਬਣਾਏ ਗਏ ਯੂਨੀਪੋਲਾਂ ਦੇ ਢਾਂਚੇਂ ਦੇ ਡਿਜਾਇਨ ਹਰ ਜਗ੍ਹਾ ਵੱਖ ਪਾਏ ਗਏ ਹਨ, ਕਿਤੇ ਜਾਂ ਤਾਂ ਝੰਡੇ ਦੀ ਤਰ੍ਹਾਂ ਲਗਾਏ ਗਏ ਹਨ ਜਿਸ ਦਾ ਖੰਭਾ ਫਰੇਮ ਦੇ ਇੱਕ ਪਾਸੇ ਹੈ, ਜਦਕਿ ਕਿਤੇ ਫਰੇਮ ਦਾ ਖੰਬਾ ਜਾਂ ਤਾਂ ਬਹੁਤ ਲੰਬਾ, ਲੱਗਭੱਗ 25 ਫੁੱਟ ਦਾ ਹੈ, ਤੇ ਕਿਤੇ ਸਿਰਫ 5 ਫੁੱਟ ਦਾ ਹੈ। ਕਿਤੇ ਢਾਂਚਾ ਸੰਘਣਾ ਹੈ ਅਤੇ ਕਿਤੇ ਵਿਰਲਾ ਹੈ। ਕਿਤੇ-ਕਿਤੇ ਤਾਂ ਢਾਂਚੇ ਪੁਰਾਣੇ ਮਟੀਰੀਅਲ ਨਾਲ ਜ਼ੋੜ-ਤੋੜ ਕੇ ਬਣਾਏ ਗਏ ਹਨ। ਜਰੂਰੀ ਤੋਰ ਤੇ ਲਗਾਏ ਜਾਣ ਵਾਲੇ ਸਟੀਲ ਦੀ ਜੀ.ਪੀ. ਸ਼ੀਟ ਵੀ ਕਈ ਬੋਰਡਾ ਤੇ ਨਹੀਂ ਲੱਗੀ ਹੋਈ ਹੈ। ਇੱਥੋ ਤੱਕ ਕੇ ਢਾਂਚਾ ਖੜਾ ਕਰਨ ਵਾਸਤੇ ਪੁਰਾਣੇ ਠੇਕੇਦਾਰਾਂ ਦੀਆਂ ਛੱਡੀਆਂ ਹੋਈਆਂ ਨੀਆਂ ਦਾ ਇਸਤੇਮਾਲ ਕੀਤਾ ਗਿਆ ਹੈ।

ਇਕਰਾਰਨਾਮੇ ਦੀ ਕਲਾਜ਼ ਨੰ: 11 ਵਿੱਚ ਢਾਚਾਂ ਬਣਾਉਣ ਲਈ ਸਾਰੀਆਂ ਸ਼ਰਤਾਂ, ਸਪੈਸੀਫੀਕੇਸ਼ਨਾਂ, ਮਾਪਦੰਡ ਜਾਹਿਰ ਹਨ ਤੇ ਕਲਾਜ਼ ਨੰ:3 ਵਿੱਚ ਠੇਕੇਦਾਰਾਂ ਵੱਲੋ ਇਹਨਾਂ ਸਪੈਸੀਫੀਕੇਸ਼ਨ ਨੂੰ ਮਨਣਾ ਜਰੂਰੀ ਵੀ ਬਣਾਇਆ ਗਿਆ ਹੈ। ਲੇਕਿਨ ਠੇਕੇਦਾਰ ਵੱਲੋ ਵੱਖ-ਵੱਖ ਡਿਜਾਇਨ ਅਤੇ ਝੰਡੇ ਦੀ ਸ਼ਕਲ ਦੇ ਢਾਂਚੇ ਲਾ ਦਿੱਤੇ ਗਏ ਹਨ।

ਇੱਥੇ ਇਹ ਦੱਸਿਆ ਜਾਣਾ ਬੜਾ ਜਰੂਰੀ ਬਣਦਾ ਹੈ ਕਿ ਟੈਂਡਰ ਬੀ.ਓ.ਟੀ. ਹੈ। ਜਿਸ ਦਾ ਮਤਲਬ ਹੈ ਕਿ ਠੇਕਾ ਪੂਰਾ ਹੋਣ ਤੇ ਸਾਡੀ ਨਗਰ ਨਿਗਮ ਇਹਨਾਂ ਢਾਂਚਿਆਂ ਦੀ ਮਾਲਕ ਬਣ ਜਾਵੇਗੀ। ਲੱਗੇ ਢਾਂਚੇ ਵੀ ਇੱਕ ਤਰ੍ਹਾਂ ਨਾਲ ਟੈਂਡਰ ਦੀ ਕੀਮਤ ਦਾ ਹਿੱਸਾ ਸਨ। ਇਸ ਕਰਕੇ ਇਨ੍ਹਾਂ ਨੂੰ ਬਣਾਉਣ ਵਿੱਚ ਵਰਤੀ ਗਈ ਕੋਈ ਵੀ ਕੁਤਾਹੀ ਬਰਦਾਸ਼ਤ ਕਰਨੀ ਨਹੀਂ ਸੀ ਬਣਦੀ। ਢਾਂਚੇ ਵੱਖ-ਵੱਖ ਡਿਜਾਇਨ ਦੇ ਹਨ। ਇਸ ਕਰਕੇ ਠੇਕੇਦਾਰਾਂ ਵੱਲੋ ਸਟਰਕਚਰਲ ਸਟੇਬਿਲਟੀ ਸਰਟੀਫੀਕੇਟ ਵੀ ਵੱਖ-ਵੱਖ ਲੈਣਾ ਤੇ ਜਮ੍ਹਾਂ ਕਰਵਾਉਣਾ ਬਣਦਾ ਸੀ। ਜਿਵੇ ਕਿ ਖਾਲਸਾ ਕਾਲਜ਼, ਬੱਸ ਸਟੈਂਡ, ਬੀ.ਐਮ.ਸੀ. ਚੌਂਕ ਦੇ ਨੇੜੇ ਲੱਗੇ ਬੋਰਡਾਂ ਦੇ ਖੰਬਿਆਂ ਦਾ ਕੱਦ ਜਮੀਨ ਤੋਂ 20 ਤੋਂ 25 ਫੁੱਟ ਤੱਕ ਹੈ। ਜਦ ਕਿ ਉਨ੍ਹਾਂ ਨੂੰ ਖੜੇ ਕਰਨ ਲਈ ਬਣਾਈਆਂ ਗਈਆਂ ਨੀਆਂ 10 ਫੁੱਟ ਕਦ ਵਾਲੇ ਖੰਬੇ ਦੇ ਬੋਰਡਾ ਵਾਲੀਆਂ ਹਨ। ਪਿਮਸ ਹਸਪਤਾਲ ਦੇ ਬਾਹਰ ਇੱਕ ਝੰਡੇ ਦੀ ਤਰ੍ਹਾਂ ਲੱਗੇ ਯੂਨੀਪੋਲ ਢਾਂਚੇ ਦਾ ਸਬੂਤ ਹਨ।

ਮਾਡਲ ਟਾਊਨ ਮਾਰਕਿਟ ਵਿੱਚ ਪਰਕਾਸ਼ ਬੇਕਰੀ ਦੇ ਸਾਹਮਣੇ ਲੱਗੇ ਬੋਰਡਾਂ ਦਾ ਢਾਂਚਾ ਵੀ ਠੇਕੇਦਾਰ ਵੱਲੋ ਲਾਏ ਗਏ ਕੁੱਝ ਹੋਰ ਢਾਂਚਿਆਂ ਦੀ ਤਰ੍ਹਾਂ ਹੀ ਪੁਰਾਣਾ ਹੈ। ਜ਼ੋ ਕਿ 11 ਸਾਲ ਵਰਤੇ ਹੋਏ ਪੁਰਾਣੇ ਠੇਕੇਦਾਰ ਦੇ ਹੀ ਨਿਗਮ ਨਾਲ ਠੱਗੀ ਕਰਕੇ ਲਾ ਦਿੱਤੇ ਗਏ ਹਨ। ਜੇਕਰ ਇਸ ਦੀਆਂ ਨੀਆਂ ਵਿੱਚ ਲੱਗੇ ਨਟ-ਬੋਲਟ ਨੂੰ ਗੌਰ ਨਾਲ ਵੇਖਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਉਹ ਵੀ ਪੁਰਾਣੇ ਕੱਟੇ-ਵੱਢੇ ਹਨ। ਜਿਨ੍ਹਾਂ ਵਿੱਚ ਟਾਂਕਾ-ਜੁਗਾੜ ਨਾਲ ਲਾ ਕੇ ਜਨਤਾ ਦੀ ਜਾਨ ਨੂੰ ਖਤਰੇ ਵਿੱਚ ਪਾਇਆ ਗਿਆ ਹੈ। ਜਦਕਿ ਇਕਰਾਰਨਾਮੇ ਦੀ ਸ਼ਰਤ ਨੰ:24 ਮੁਤਾਬਕ ਹਰ ਛੇ ਮਹੀਨੇ ਵਿੱਚ ਕਮਿਸ਼ਨਰ ਨਗਰ ਨਿਗਮ ਵੱਲੋ ਬੋਰਡਾਂ ਦੇ ਲੱਗੇ ਢਾਂਚੇ ਤੇ ਰਿਪੋਰਟਾਂ ਕਰਾਣੀਆਂ ਜਰੂਰੀ ਸਨ। ਪਿਛਲੇ ਪੰਜ ਸਾਲਾਂ ਵਿੱਚ ਕਿੰਨੀਆਂ ਰਿਪੋਰਟਾਂ ਆਈਆਂ ਹਨ । ਸੋ ਇਸ ਟੈਂਡਰ ਨੂੰ ਰੱਦ ਕਰ ਦੇਣਾ ਚਾਹੀਦਾ ਹੈ ।

ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕਿਹਾ ਕਿ ਟੈਂਡਰ ਦੀ ਸ਼ਰਤ ਨੰ.48 ਦੇ ਮੁਤਾਬਿਕ ਨਿਗਮ ਵੱਲੋ ਕਦੇ ਵੀ ਬਿਨ੍ਹਾਂ ਕੋਈ ਕਾਰਣ ਦੱਸੇ ਦੋ ਮਹੀਨੇ ਦੇ ਨੋਟਿਸ ਤੇ ਟੈਂਡਰ ਇਕਰਾਰਨਾਮਾ ਰੱਦ ਕੀਤਾ ਜਾ ਸਕਦਾ ਸੀ। ਪਰ ਇਹ ਸ਼ਰਤ ਵੀ ਦਿੱਤੇ ਗਏ ਇਕਰਾਰਨਾਮੇ ਤੋਂ ਉੜਾ ਦਿੱਤੀ ਗਈ।ਵਾਇਲੇਸ਼ਨਾਂ ਟਰਮਜ਼ ਐਂਡ ਕੰਡੀਸ਼ਨਸ ਅਤੇ ਐਗਰੀਮੈਂਟ ਵਿੱਚ ਹੋਈਆਂ ਹਨ ਇਹ ਅਫਸਰ ਕਹਿ ਰਹੇ ਹਨ । ਫਾਇਲ ਦੇ ਵਿੱਚ ਪਰੂਫ ਹਨ । ਦਫ਼ਤਰ ਵਲੋਂ ਠੇਕੇਦਾਰ ਦੇ ਕਹੇ ਮੁਤਾਬਕ ਟੈਂਡਰ ਸ਼ਰਤਾਂ ਨੂੰ ਬਦਲਿਆ ਗਿਆ ਹੈ ਇਹ ਡਾਕੂਮੈਂਟ ਕਹਿ ਰਹੇ ਹਨ । ਐਲ.ਏ. ਕਹਿ ਰਿਹਾ ਹੈ ਕਿ ਐਡਵਰਟਾਈਜ਼ਮੈਂਟ ਬ੍ਰਾਂਚ ਵਲੋਂ ਟਰਮਸ ਐਂਡ ਕੰਡੀਸ਼ਨਸ ਅਨੁਸਾਰ ਐਗਰੀਮੈਟ ਸਹੀ ਹੈ ।ਇਹ ਸਾਰਾ ਕੁਝ ਫਰਾਡ ਹੈ ਅਤੇ ਟੈਂਡਰ ਰੱਦ ਕੀਤਾ ਜਾਵੇ। ਜੇਕਰ ਐਗਰੀਮੈਂਟ ਇਸੇ ਤਰ੍ਹਾਂ ਹੀ ਕਰਨਾ ਸੀ ਤਾਂ ਹੋਰ ਵੀ ਬਿਡਰਜ਼ ਆ ਜਾਂਦੇ । ਪਹਿਲਾਂ ਸ਼ਰਤਾਂ ਹਾਰਡ ਰੱਖੀਆਂ ਗਈਆਂ ਤੇ ਬਾਅਦ ਵਿੱਚ ਨਰਮ । ਕਾਰਪੋਰੇਸ਼ਨ ਦਾ ਲਾਸ ਹੋਇਆ ਹੈ। ਸੋਲਰ ਪਾਵਰ ਦੀ ਗਲ ਕਿਤੇ ਵੀ ਟੈਂਡਰ ਸ਼ਰਤਾਂ ਵਿੱਚ ਮੈਂਸਨ ਨਹੀਂ ਸੀ ਪਰ ਐਗਰੀਮੈਂਟ ਵਿੱਚ ਕਰ ਲਈ ਗਈ ਜਿਸ ਮੁਤਾਬਕ ਜੇਕਰ ਠੇਕੇਦਾਰ ਸੋਲਰ ਲਾਇਟਾਂ ਬੋਰਡਾਂ ਤੇ ਲਾਉਂਦਾ ਹੈ ਤਾਂ ਉਸ ਦੇ ਵੱਲੋ ਨਿਗਮ ਨੂੰ ਦਿੱਤੀ ਜਾਣ ਵਾਲੀ ਕੁੱਲ ਟੈਂਡਰ ਰਾਸ਼ੀ ਇੱਕ ਤਿਹਾਈ ਹੋ ਜਾਵੇਗੀ। ਜਿਸ ਦਾ ਮਤਲਬ ਇਹ ਹੈ ਕਿ ਇਸ ਟੈਂਡਰ ਤੋਂ ਨਿਗਮ ਦੀ ਆਮਦਨ ਅੱਠ ਕਰੋੜ ਤੋਂ ਘੱਟ ਕੇ ਸਿਰਫ ਤਿੰਨ ਕਰੋੜ ਹੀ ਰਹਿ ਜਾਵੇਗੀ।ਜੇਕਰ ਅਜਿਹੀਆਂ ਸ਼ਰਤਾਂ ਟੈਂਡਰ ਵਿਚ ਪਾਈਆਂ ਜਾਂਦੀਆਂ ਤਾਂ ਹੋਰ ਵੀ ਬਿਡਰਜ਼ ਆ ਜਾਂਦੇ ।

ਮੇਅਰ ਜੀ ਨੇ ਕਿਹਾ ਕਿ ਬੇਨਤੀ ਹੈ ਕਿ ਇਸ ਮਤੇ ਸਬੰਧੀ ਕਿਸੇ ਅਫ਼ਸਰ ਨੇ ਕੋਈ ਰਿਪੋਰਟ ਨਹੀਂ ਦਿੱਤੀ ਜਿਹੜੀ ਕਿ ਹਾਊਸ ਦੀ ਮਰਿਆਦਾ ਦੇ ਖ਼ਿਲਾਫ ਹੈ, ਰਿਪੋਰਟ ਉਹਨਾਂ ਨੂੰ ਦੇਣੀ ਚਾਹੀਦੀ ਸੀ ਤੇ ਅਸੀਂ ਜੇਕਰ ਟਾਈਮ ਦੇ ਦਈਏ

ਅਤੇ ਜਿਹਨਾਂ ਅਫ਼ਸਰਾਂ ਨੂੰ ਅੱਜ ਇਸ ਮੀਟਿੰਗ ਵਿੱਚ ਬੁਲਾਇਆ ਗਿਆ ਸੀ ਅਤੇ ਉਹਨਾਂ ਵਲੋਂ ਮੀਟਿੰਗ ਦਾ ਬਾਈਕਾਟ ਕੀਤਾ ਗਿਆ ਹੈ ਉਹਨਾਂ ਨੂੰ ਸ਼ੋ-ਕਾਜ਼ ਨੋਟਿਸ ਦਈਏ ।

ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ ਨੇ ਕਿਹਾ ਕਿ ਇਹ ਮਾਮਲਾ ਰੈਵੇਨਿਊ ਲਾਸ ਦਾ ਹੀ ਨਹੀਂ ਪਬਲਿਕ ਸੇਫਟੀ ਦਾ ਵੀ ਹੈ । 11 ਦਿਨਾਂ ਦਾ ਟਾਈਮ ਦਿੱਤਾ ਗਿਆ । ਕੌਂਸਲਰਾਂ ਨੂੰ ਅਫ਼ਸਰਾਂ ਵਲੋਂ ਚੋਰ ਕਿਹਾ ਜਾ ਰਿਹਾ ਹੈ । ਅਸੀਂ ਲੋਕਾਂ ਨੂੰ ਜਵਾਬ ਦੇਣਾ ਹੁੰਦਾ ਹੈ । ਤੁਸੀਂ ਕਿਹਾ ਲਿਖ ਕੇ ਦਵੋ ਮੈਂ ਪੱਤਰ ਨੰ: 1909 ਲਿਖ ਕੇ ਦਿੱਤਾ ਪਰ ਕੋਈ ਜਵਾਬ ਨਹੀਂ ਮਿਲਿਆ । ਤੁਸੀਂ ਇਸ ਟੈਂਡਰ ਨੂੰ ਰੱਦ ਕਰੋ । ਜੇਕਰ ਟਾਈਮ ਦਿੱਤਾ ਤਾਂ ਸਾਡੇ ਤੇ ਹੋਰ ਪਰੈਸ਼ਰ ਪਵੇਗਾ।

ਸ਼੍ਰੀ ਮਨਮੋਹਨ ਸਿੰਘ, ਕੌਂਸਲਰ ਨੇ ਕਿਹਾ ਕਿ ਅੱਜ ਦੀ ਇਹ ਵਿਸ਼ੇਸ਼ ਮੀਟਿੰਗ ਟੈਕਸ ਚੋਰੀ, ਲੋਕਾਂ ਦੀ ਸੇਫਟੀ ਅਤੇ ਰੈਵੇਨਿਯੂ ਲਾਸ ਬਾਰੇ ਰੱਖੀ ਗਈ ਹੈ। ਇਹ ਖੇਡ ਰਚੀ ਜਾ ਰਹੀ ਹੈ । 2015 ਵਿੱਚ ਕਰਿਏਟਿਵ ਡੀਜ਼ਾਈਨਰਜ਼ ਵਲੋਂ ਟੈਂਡਰ ਭਰਿਆ ਗਿਆ ਜਿਹੜਾ ਕਿ 15 ਦਿਨਾਂ ਦੇ ਅੰਦਰ ਇਮਪਲੀਮੈਂਟ ਹੋਣਾ ਸੀ ਪਰ 6-7 ਮਹੀਨੇ ਲੰਘਾ ਦਿੱਤੇ । ਠੇਕੇਦਾਰ ਚਿੱਠੀਆਂ ਦਾ ਅਦਾਨ-ਪ੍ਰਦਾਨ ਕਰਦਾ ਰਿਹਾ ਕਿ ਕਿਧਰੇ ਤਾਰਾਂ ਜਾਂ ਰਹੀਆਂ ਹਨ, ਲੋਕੇਸ਼ਨਾਂ ਸਹੀਂ ਨਹੀਂ ਹਨ, ਮੈਂ ਇੱਥੇ ਲਗਾ ਨਹੀਂ ਸਕਦਾ। 7 ਮਹੀਨੇ ਦਾ ਸਮਾਂ ਇਸੇ ਤਰ੍ਹਾ ਹੀ ਲੰਘਾ ਦਿੱਤਾ । ਫਿਰ ਵਿਧਾਨ ਸਭਾ ਚੋਣਾ ਆ ਗਈਆਂ । 20 ਮਾਰਚ, 2017 ਨੂੰ ਜਿਹੜਾ ਐਗਰੀਮੇਂਟ ਕੀਤਾ ਗਿਆ ਉਹ ਮਿਸਮੈਚ ਕੀਤਾ ਗਿਆ ਅਤੇ ਕਈ ਕਲਾਜ਼ ਬਦਲੇ ਗਏ ਜਿਸਦਾ ਠੇਕੇਦਾਰ ਨੂੰ ਸਿੱਧਾ ਫਾਇਦਾ ਦਿੱਤਾ ਗਿਆ । ਜਿਹੜੇ 59 ਯੂਨੀਪੋਲ ਠੇਕੇਦਾਰ ਨੂੰ 2015 ਵਿੱਚ ਦੇਣੇ ਸਨ, ਟੈਂਡਰ ਵਿਚ ਸਾਫ ਲਿਖਿਆ ਸੀ ਕਿ ਪਹਿਲਾਂ ਸਾਈਟਾਂ ਚੈਕ ਕਰਨੀਆਂ ਸੀ ਫਿਰ ਟੈਂਡਰ ਭਰਨਾ ਸੀ । ਪਤਾ ਨਹੀਂ ਕਿ ਕੀ ਗਲ ਹੋਈ ਕਿ ਪਹਿਲਾਂ ਉਸਨੇ ਟੈਂਡਰ ਭਰ ਦਿੱਤਾ ਤੇ ਫਿਰ ਐਲਗੇਸ਼ਨ ਲਗਾ ਦਿੱਤਾ ਕਿ ਸਾਈਟਾਂ ਪਸੰਦ ਨਹੀਂ । 26 ਸਾਈਟਾਂ ਪਹਿਲੇ ਫੇਸ ਵਿੱਚ 2018 ਵਿੱਚ ਲਗਾਏ । ਪੜਤਾਲੀਆ ਕਮੇਟੀ ਨੇ 19.12.2018 ਅਤੇ 6.8.2019 ਨੂੰ ਰਿਪੋਰਟ ਵਿੱਚ ਦੱਸਿਆ ਕਿ ਜਿਹੜੇ 26 ਯੂਨੀਪੋਲ ਉਸ ਵਲੋਂ ਲਗਾਏ ਗਏ ਸਨ, ਵਿਚ ਉਲੰਘਣਾ ਹੋਈ ਹੈ ਅਤੇ 21 ਯੂਨੀਪੋਲ ਗਲਤ ਲੱਗੇ ਹਨ ਤੇ ਸਿਰਫ 5 ਯੂਨੀਪੋਲ ਸਹੀ ਲੱਗੇ ਹਨ । ਇਹ ਇੱਕ ਗੇਮ ਪਲੈਨ ਹੈ । ਹੁਣ 33 ਹੋਰ ਦੇਣੇ ਹਨ ਤੇ ਟੈਂਡਰ 2024 ਤੱਕ ਜਾਵੇ । ਇਹ ਸਭ ਨੁਕਸਾਨ ਹੋ ਰਿਹਾ ਹੈ । ਮੇਅਰ ਸਾਹਿਬ ਅਸੀਂ ਤੁਹਾਡੇ ਨਾਲ ਹਾਂ ਇਸ ਟੈਂਡਰ ਨੂੰ ਰੱਦ ਕੀਤਾ ਜਾਵੇ।ਜੇਕਰ ਸਾਈਜ਼ ਦੀ ਗੱਲ ਕਰੀਏ ਤਾਂ ਇਕਰਾਰਨਾਮੇ ਦੇ ਮੁਤਾਬਕ ਯੂਨੀਪੋਲ ਦਾ ਸਾਈਜ਼ 20×10 ਫੁਟ ਹੈ ਜਦਕਿ ਠੇਕੇਦਾਰ ਵਲੋਂ ਇਹਨਾਂ ਦਾ ਸਾਇਜ਼ 22×12 ਕਰ ਲਿਆ ਹੈ ਜਿਸਦੇ ਹਿਸਾਬ ਨਾਲ ਇੱਕ ਵਰਗ ਫੁੱਟ 125 ਰੁਪਏ ਕੀਮਤ ਦਾ ਹੈ ਤੇ ਤਕਰੀਬਨ 60 ਵਰਗ ਫੁੱਟ ਵਾਧੂ ਸਾਈਜ਼ ਹਰ ਬੋਰਡ ਵਿੱਚ ਮੌਜੂਦ ਹੈ । ਜਿਸ ਵਾਸਤੇ ਬਣਦੀ ਕੀਮਤ ਰੁ. 7500/- ਹਰ ਯੂਨੀਪੋਲ ਤੇ ਵਧੀਕ ਲੈਣੀ ਬਣਦੀ ਹੈ । ਇਹ ਇੱਕ ਸਕੈਂਡਲ ਹੈ ਅਤੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਨਾਲ ਜੁੜਿਆ ਮਸਲਾ ਹੈ, ਟੈਕਸ ਚੋਰੀ ਦਾ ਮਸਲਾ ਹੈ ਅਤੇ ਕਰਾਈਮ ਦਾ ਮੁਕਦਮਾ ਵੀ ਦਰਜ ਕੀਤਾ ਜਾਵੇ ।

ਸ਼੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਕਿਹਾ ਕਿ ਟੈਂਡਰ ਇੱਕ ਹੀ ਕਿਉਂ ਹੋਣਾ ਹੈ । ਸਿਰਫ ਇੱਕ ਹੀ ਆਦਮੀ ਨੂੰ ਕਿਉਂ ਫਾਇਦਾ ਦੇਣਾ ਹੈ । ਚਾਰ ਹਿੱਸਿਆਂ ਵਿੱਚ ਵੰਡਿਆ ਜਾਣਾ ਚਾਹੀਦਾ ਹੈ ।ਜਿਹੜਾ ਅਗਲਾ ਟੈਂਡਰ ਲੱਗਣ ਜਾ ਰਿਹਾ ਹੈ ਉਹ 13000/- ਰੁਪਏ ਪ੍ਰਤੀ ਪੋਲ ਹੈ, ਮੌਜੂਦਾ ਚਲ ਰਿਹਾ ਠੇਕਾ 25000/- ਰੁਪਏ ਪ੍ਰਤੀ ਪੋਲ ਹੈ ਅਤੇ ਜਲੰਧਰ ਕੈਂਟ ਵਿੱਚ 32000/- ਰੁਪਏ ਪ੍ਰਤੀ ਪੋਲ ਹੈ ।

ਕਮਿਸ਼ਨਰ ਜੀ ਨੇ ਕਿਹਾ ਕਿ ਅਸੀਂ ਹਾਊਸ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਸ਼ਹਿਰ ਅੰਦਰ ਵਿਗਿਆਪਣ ਦੇ ਟੈਂਡਰ ਨੂੰ ਚਾਰ ਭਾਗਾਂ ਵਿੱਚ ਵੰਡਣ ਲਈ ਸਿਫਾਰਸ਼ ਕੀਤੀ ਸੀ । ਮੈਂ ਪਿਛਲੀ ਮੀਟਿੰਗ ਵਿੱਚ ਵੀ ਕਿਹਾ ਸੀ ਕਿ ਚੰਡੀਗੜ੍ਹ ਤੋਂ ਸਿਰਫ 2 ਭਾਗਾਂ ਵਿੱਚ ਸ਼ਹਿਰ ਨੂੰ ਵੰਡਣ ਦੀ ਮੰਜੂਰੀ ਦਿੱਤੀ ਜਾ ਸਕਦੀ ਹੈ ਪ੍ਰੰਤੂ ਅਸੀਂ ਫਿਰ ਵੀ ਹਾਊਸ ਦੀ ਮਰਿਆਦਾ ਨੂੰ ਮੱਧੇਨਜ਼ਰ ਰਖ਼ਦੇ ਹੋਏ ਸਰਕਾਰ ਨੂੰ ਇਹ ਟੈਂਡਰ ਸ਼ਹਿਰ ਨੂੰ ਚਾਰ ਭਾਗਾਂ ਵਿੱਚ ਵੰਡ ਕੇ ਲਗਾਉਣ ਲਈ ਭੇਜ਼ ਦਿੱਤਾ ਹੈ ।ਜਿਹੜੀ ਤੁਸੀਂ ਗੱਲ ਕਰ ਰਹੇ ਹੋ ਕਿ 13000/- ਰੁਪਏ ਪ੍ਰਤੀ ਪੋਲ ਦੀ, ਇਹ ਇੱਕ ਰਿਜਰਵ ਪ੍ਰਾਈਸ ਹੈ ਅਤੇ ਜਦ ਟੈਂਡਰ ਭਰਿਆ ਜਾਵੇਗਾ ਤਾਂ ਉਸ ਤੋਂ ਬਾਅਦ ਬਿਡਿੰਗ ਵੀ ਹੋਣੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਸਿਰਫ ਇਕੋ ਜ਼ੋਨ ਦਾ ਟੈਂਡਰ ਹੋਇਆ ਅਤੇ ਤਿੰਨ ਜ਼ੋਨਾਂ ਤੋਂ ਇੱਕ ਵੀ ਰੁਪਿਆ ਨਹੀਂ ਆ ਰਿਹਾ ।ਇੱਕ ਜ਼ੋਨ ਤੋਂ 1.75 ਕਰੋੜ ਰੁਪਏ ਆ ਰਹੇ ਹਨ ਜਿਸ ਨੂੰ ਤੁਸੀਂ ਕਹਿ ਰਹੇ ਹੋ ਕਿ ਕੈਂਸਲ ਕੀਤਾ ਜਾਵੇ ਤੇ ਬਾਕੀ ਤਿੰਨਾਂ ਤੋਂ ਕੁਝ ਵੀ ਆਮਦਨ ਨਹੀਂ ਆ ਰਹੀ ਉਸ ਬਾਰੇ ਕੋਈ ਗੱਲ ਨਹੀਂ ਕਰ ਰਿਹਾ ।

ਸ਼੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਕਿਹਾ ਕਿ 11 ਵਾਰ ਟੈਂਡਰ ਕਿਉਂ ਰੱਦ ਹੋਇਆ ਕਿਉਂਕਿ ਉਹ ਪਹਿਲਾਂ 5 ਲੱਖ ਰੁਪਏ ਦਿੰਦਾ ਸੀ ਅਤੇ ਹੁਣ ਉਸਨੂੰ 15 ਲੱਖ ਰੁਪਏ ਦੇਣੇ ਪੈਣਗੇ । ਮੇਅਰ ਸਾਹਿਬ ਤੁਸੀਂ ਟੈਂਡਰ ਰੱਦ ਕਰੋ ਅਤੇ ਚੰਡੀਗੜ੍ਹ ਭੇਜ਼ੋ ।

ਸ਼੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਕਿਹਾ ਕਿ ਜਿਹਨਾਂ ਅਧਿਕਾਰੀਆਂ ਨੂੰ ਅੱਜ ਮੀਟਿੰਗ ਵਿੱਚ ਬੁਲਾਇਆ ਗਿਆ ਸੀ ਪਰ ਉਹਨਾਂ ਵਲੋਂ ਬਾਈਕਾਟ ਕੀਤਾ ਗਿਆ ਹੈ । ਮੈਂ ਕਮਿਸ਼ਨਰ ਜੀ ਨੂੰ ਬੇਨਤੀ ਕਰਾਂਗਾ ਕਿ ਹਾਊਸ ਦੀ ਮਰਿਆਦਾ ਭੰਗ ਕਰਨ ਵਾਲੇ ਅਧਿਕਾਰੀਆਂ ਤੇ ਕਾਰਵਾਈ ਕੀਤੀ ਜਾਵੇ ਅਤੇ ਇਸ ਕੇਸ ਦੀ ਵਿਜੀਲੈਂਸ ਜਾਂਚ ਕਰਵਾਈ ਜਾਵੇ।

ਕਮਿਸ਼ਨਰ ਜੀ ਨੇ ਕਿਹਾ ਕਿ ਮਾਨਯੋਗ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਦੀ ਅੱਛੀ ਗੱਲ ਹੈ ਕਿ ਅਸੀਂ ਅੱਜ ਉਹ ਮੁੱਦਾ ਡਿਸਕਸ ਕਰ ਰਹੇ ਹਨ ਜ਼ੋ ਪਬਲਿਕ ਨਾਲ ਜੁੜਿਆ ਹੈ, ਪਬਲਿਕ ਦੀ ਜਾਨ ਮਾਲ ਨਾਲ ਜੁੜਿਆ ਹੈ । ਕੁਝ ਚੀਜਾਂ ਸਾਡੇ ਧਿਆਨ ਵਿੱਚ ਵੀ ਨਹੀਂ ਸਨ ਜ਼ੋ ਤੁਸੀਂ ਦੱਸੀਆਂ ਜਿਸ ਲਈ ਅਸੀਂ ਧੰਨਵਾਦੀ ਹਾਂ । ਸਾਡਾ ਮਕਸਦ ਹੈ ਜਿਹੜਾ ਵੀ ਕੰਮ ਹੋਵੇ ਉਹ ਕਾਨੂੰਨ ਦੇ ਦਾਇਰੇ ਵਿੱਚ ਹੋਵੇ ।ਆਰ.ਐਫ.ਪੀ. ਅਤੇ ਐਗਰੀਮੈਂਟ ਵਿੱਚ ਫਰਕ ਹੈ, ਸੀਰਿਅਸ ਇਸ਼ੂ ਦੀ ਗੱਲ

ਹੈ। ਜਿਹੜਾ ਕਿ ਨਹੀਂ ਹੋਣਾ ਚਾਹੀਦਾ ਸੀ ਅਤੇ ਜੇਕਰ ਕਰਨਾ ਸੀ ਤਾਂ ਉਸਦੀ ਕੰਪੀਟੈਂਟ ਅਥਾਰਟੀ ਤੋਂ ਪਰਮਿਸ਼ਨ ਲੈਣੀ ਚਾਹੀਦੀ ਸੀ । 11-12 ਵਾਰ ਟੈਂਡਰ ਦੀ ਗੱਲ ਹੋ ਰਹੀ ਹੈ ਉਹ ਪਹਿਲਾਂ ਕਿਉਂ ਨਹੀਂ ਹੋਇਆ ਉਸ ਬਾਰੇ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਮੈਂ ਜਦ ਜੁਆਇਨ ਕੀਤਾ ਤਾ ਫਾਇਲ ਨੂੰ ਘੋਖਿਆ। ਇੱਕ ਵਾਰ ਟੈਂਡਰ ਲਗਾਇਆ ਪਰ ਟੈਂਡਰ ਨਹੀਂ ਆਇਆ । ਦੋਬਾਰਾ ਮੈਂ ਫਾਈਲ ਘੋਖੀ ਤੇ ਕਈ ਚੀਜਾਂ ਜਿਵੇਂ ਕਿ ਡੰਪਿੰਗ ਯਾਰਡਸ, ਡਸਟ ਬਿਨ, 2100 ਦੇ ਕਰੀਬ ਕਿਉਸਕ ਦੀਆਂ ਸ਼ਰਤਾਂ ਸਨ ਜਿਹੜੀਆਂ ਕਿ ਟੈਂਡਰ ਵਿੱਚ ਨਹੀਂ ਆਉਣੀਆਂ ਚਾਹੀਦੀਆਂ ਸਨ ।ਇਹ ਕਮੇਟੀ ਵਲੋਂ ਜਾਂ ਹਾਊਸ ਵਲੋਂ ਇਹ ਚੀਜਾਂ ਪਹਿਲਾਂ ਹੀ ਦੇਖ ਲੈਣੀਆਂ ਚਾਹੀਦੀਆਂ ਸਨ ਤਾਂ ਕਿ ਸਾਨੂੰ ਇੰਨੀ ਵਾਰ ਟੈਂਡਰ ਨਾ ਲਗਾਉਣਾ ਪੈਂਦਾ।ਅਸੀਂ ਫਿਰ ਪਰੀ ਬਿਡਿੰਗ ਕਰਕੇ ਫਾਈਲ ਮੇਅਰ ਜੀ ਨੂੰ ਭੇਜੀ ਜਿਸ ਤੇ ਮੇਅਰ ਜੀ ਨੇ ਕੁਮੈਂਟਸ ਮੰਗੇ। ਅਸੀਂ ਕੁਮੈਂਟਸ ਦੇ ਕੇ ਫਿਰ ਫਾਈਲ ਮੇਅਰ ਜੀ ਨੂੰ ਭੇਜੀ । ਫਿਰ ਫਾਈਲ ਵਾਪਸ ਆ ਗਈ ਕਿ ਅਸੀਂ ਪਹਿਲਾਂ ਜਗ੍ਹਾ ਆਈਡੰਟੀਫਾਈ ਕਰ ਲਈ ਤਾਂ ਕਿ ਬਾਅਦ ਵਿੱਚ ਰੋਲਾ ਨਾ ਪਵੇ।ਫਿਰ ਅਸੀਂ 251 ਥਾਂਵਾਂ ਰਿਕਾਰਡ ਵਿੱਚ ਲਿਆਂਦੀਆਂ ਅਤੇ ਏ.ਆਰ.ਸੀ. ਤੋਂ ਮੰਜ਼ੂਰੀ ਕਰਵਾਕੇ ਫਿਰ ਫਾਇਲ ਦੁਬਾਰਾ ਭੇਜੀ ਤਾਂ ਚਾਰ ਜ਼ੋਨਾਂ ਦੀ ਗੱਲ ਹੋਈ ਜਿਹੜੀ ਕਿ ਪਿਛਲੀ ਹਾਊਸ ਦੀ ਮੀਟਿੰਗ ਵਿਚ ਵੀ ਸੀ । ਇਹੋ ਕੰਮ ਦੋ ਸਾਲ ਪਹਿਲਾਂ ਕੀਤਾ ਹੁੰਦਾ ਤਾਂ ਨੁਕਸਾਨ ਨਹੀਂ ਹੁੰਦਾ । ਸਾਡਾ ਕੰਮ ਹੈ ਕਿ ਨਗਰ ਨਿਗਮ ਦੀ ਵਿੱਤੀ ਲਾਭ ਦੇ ਨਾਲ ਨਾਲ ਲੋਕਾਂ ਦੀ ਜਾਨ ਮਾਲ ਦੀ ਸੁਰੱਖਿਆ ਵੀ ਹੋਵੇ ।ਸਾਰੇ ਇਸ਼ੂਜ਼ ਧਿਆਨ ਵਿੱਚ ਰੱਖਕੇ ਬਿਨਾਂ ਕਿਸੇ ਦੀ ਤਰਫਦਾਰੀ ਕਰਦੇ ਹੋਏ ਅੱਜ ਦੀ ਮੀਟਿੰਗ ਵਿੱਚ ਜਵਾਬ ਨਹੀਂ ਆ ਸਕਿਆ ਉਸ ਬਾਰੇ ਮੈਂ ਤਿੰਨ ਦਿਨ ਪਹਿਲਾਂ ਹੀ ਮੇਅਰ ਜੀ ਨੂੰ ਮਾਨਯੋਗ ਐਮ.ਐਲ.ਏਜ਼ ਦੀ ਮੀਟਿੰਗ ਦੌਰਾਨ ਕਿਹਾ ਸੀ ਕਿ ਮਾਨਯੋਗ ਮੁੱਖ ਮੰਤਰੀ ਜੀ ਦੇ ਵਰਚੁਅਲ ਉਦਘਾਟਨ ਕਾਰਣ ਮੀਟਿੰਗ ਅੱਗੇ ਕਰ ਲਈਏ ਤਾਂ ਜ਼ੋ ਪਰਾਪਰ ਜਵਾਬ ਦੇ ਸਕੀਏ । ਹੁਣ ਤੁਸੀਂ ਜਿੰਨੇ ਪੁਆਇੰਟ ਦੱਸੇ ਹਨ, ਐਡਮਿਟ ਕਰਦੇ ਹਾਂ ਕਿ ਕੁਝ ਪੁਆਇੰਟਸ ਸਾਡੇ ਧਿਆਨ ਵਿੱਚ ਵੀ ਨਹੀਂ ਸਨ, ਇਸੇ ਲਈ ਮੇਅਰ ਜੀ ਨੂੰ ਬੇਨਤੀ ਕੀਤੀ ਸੀ ਕਿ ਕਿਉਂ ਜ਼ੋ ਮਾਨਯੋਗ ਮੁੱਖ ਮੰਤਰੀ ਜੀ ਦੇ ਉਦਘਾਟਨ ਦੇ ਸਿਲਸਿਲੇ ਵਿੱਚ ਅਸੀਂ ਰੁਝੇ ਹੋਏ ਸਨ ਪਰ ਅੱਜ ਉਹ ਕੈਂਸਲ ਹੋ ਗਿਆ ਅਤੇ ਸੋਮਵਾਰ ਲਈ ਮੁੱਕਰਰ ਹੋਇਆ  ਫਿਰ ਵੀ ਅਸੀਂ ਹਾਊਸ ਦੀ ਮਰਿਆਦਾ ਨੂੰ ਧਿਆਨ ਵਿੱਚ ਰੱਖਦੇ ਹੋਏ ਮੀਟਿੰਗ ਵਿੱਚ ਆਏ ਹਾਂ ਅਤੇ ਤੁਹਾਡੇ ਵਲੋਂ ਜ਼ੋ ਜ਼ੋ ਵੀ ਨੁਕਤੇ ਉਠਾਏ ਗਏ ਹਨ ਉਹਨਾਂ ਦਾ ਪਰਾਪਰ ਢੰਗ ਨਾਲ ਜਵਾਬ ਦੇਣ ਲਈ ਕੁਝ ਟਾਈਮ ਚਾਹੀਦਾ ਹੈ । ਤੁਹਾਨੂੰ ਐਨੋਨੇਟਡ ਫਾਰਮ ਵਿੱਚ ਜਵਾਬ ਦਿੱਤਾ ਜਾਵੇਗਾ । ਅਸੀਂ ਕਿਸੇ ਦਾ ਵੀ ਬਚਾਵ ਭਾਂਵੇਂ ਉਹ ਕਰਮਚਾਰੀ, ਅਧਿਕਾਰੀ ਜਾਂ ਠੇਕੇਦਾਰ ਹੋਵੇ ਕਾਰਵਾਈ ਜ਼ਰੂਰ ਕਰਾਂਗੇ । ਪ੍ਰੰਤੂ ਨਗਰ ਨਿਗਮ ਨੂੰ ਕੋਈ ਨੁਕਸਾਨ ਨਾ ਹੋਵੇ ਇਹ ਵੀ ਦੇਖਣਾ ਪਵੇਗਾ ।ਕਾਹਲੀ ਵਿੱਚ ਕਿਸੇ ਕਰਮਚਾਰੀ, ਅਧਿਕਾਰੀ ਜਾਂ ਠੇਕੇਦਾਰ ਦਾ ਨੁਕਸਾਨ ਨਾ ਹੋਵੇ ਅਤੇ ਕਿਸੇ ਕਿਸਮ ਦੀ ਕੰਟੈਮਪਟ ਆਫ ਕੋਰਟ ਨਾ ਹੋਵੇ ਨੂੰ ਵੀ ਧਿਆਨ ਵਿੱਚ ਰੱਖਣਾ ਹੋਵੇਗਾ ।  ਹੁਣ ਪਾਰਕਿੰਗ ਸਾਈਟਸ ਦੀ ਗੱਲ ਹੈ ਪਿਛਲੇ 8-10 ਸਾਲਾਂ ਤੋਂ ਨਗਰ ਨਿਗਮ ਨੂੰ ਇੱਕ ਰੁਪਿਆ ਨਹੀਂ ਆਇਆ । ਅਸੀਂ ਮੇਅਰ ਜੀ ਦੀ ਗਾਈਲਾਈਨਜ਼ ਅਨੁਸਾਰ ਅਮੈਂਡਮੈਂਟ ਕਰਕੇ  ਪਾਰਕਿੰਗਾਂ ਸਿਰੇ ਚੜਾ ਚੁੱਕੇ ਹਾਂ ਜਿਸ ਨਾਲ 1.50 ਤੋਂ 1.75 ਕਰੋੜ ਰੁਪਏ ਨਗਰ ਨਿਗਮ ਨੂੰ ਮਿਲਣਗੇ । ਸੋ ਤੁਹਾਡੀ ਗਾਈਡੈਂਸ ਨਾਲ ਸਾਰਾ ਜਵਾਬ ਬਨਵਾਂਗੇ ਜ਼ੋ ਤੁਸੀਂ ਦੱਸਿਆ ਫਾਇਲ ਮੁਤਾਬਕ  ਪਰ ਕਿਸੇ ਕਿਸਮ ਦੀ ਕੋਰਟ ਦੀ ਉਲੰਘਣਾ ਨਾ ਹੋਵੇ ਇਸ ਲਈ ਇੱਕ ਮਹੀਨੇ ਦਾ ਸਮਾਂ ਚਾਹੀਦਾ ਹੈ । ਉਸ ਤੋਂ ਬਾਅਦ ਹਾਊਸ ਉਸ ਤੇ ਯੋਗ ਫੈਸਲਾ ਲੈ ਸਕਦਾ ਹੈ ।

ਸ੍ਰੀ ਵਰੇਸ਼ ਕੁਮਾਰ ਮਿੰਟੂ, ਕੌਂਸਲਰ ਨੇ ਕਿਹਾ ਕਿ ਜਿਹੜਾ ਟੈਂਡਰ 18 ਕਰੋੜ ਰੁਪਏ ਦਾ ਸੀ ਉਹ ਘਟਾ ਕੇ 9 ਕਰੋੜ ਕੀਤਾ ਗਿਆ ਹੈ ਅਤੇ ਪੋਲਾਂ ਦੀ ਗਿਣਤੀ ਵੀ ਵਧਾਈ ਗਈ ਹੈ, ਉਹ ਕਿਸ ਦੇ ਆਦੇਸ਼ਾਂ ਨਾਲ ਹੋਇਆ ਹੈ।

ਕਮਿਸ਼ਨਰ ਜੀ ਨੇ ਦੱਸਿਆ ਕਿ 8-10 ਵਾਰ ਟੈਂਡਰ ਲੱਗੇ ।ਹੁਣ ਟੈਂਡਰ ਟਰਾਂਸਪੇਰੰਟ ਤਰੀਕੇ ਨਾਲ ਈ-ਟੈਂਡਰਿੰਗ ਹੁੰਦੀ ਹੈ । ਜੇਕਰ ਤਿੰਨ ਬਿਡਾਂ ਆ ਜਾਂਦੀਆਂ ਹਨ ਤਾਂ ਹਾਈਏਸਟ ਬਿਡਰ ਦੇ ਪਰਾਈਜ਼ ਨੂੰ ਬੇਸ ਪ੍ਰਾਈਸ ਮੰਨ ਕੇ ਰਿਜਰਵ ਪ੍ਰਾਈਸ ਮੰਨਿਆ ਜਾਂਦਾ ਹੈ ਅਤੇ ਤਿੰਨੋ ਬਿਡਰਜ਼ ਆਪਣਾ ਆਪਣਾ ਪ੍ਰਾਈਜ਼ ਦੇ ਸਕਦੇ ਹਨ ਜਿਵੇਂ ਕਿ ਪੁੱਡਾ ਵਿਚ ਵੀ ਹੁੰਦਾ ਹੈ ।ਇਹ 18 ਕਰੋੜ ਰੁਪਏ ਦਾ ਵੀ ਆ ਸਕਦਾ ਹੈ ਅਤੇ 25 ਕਰੋੜ ਰੁਪਏ ਦਾ ਵੀ ਆ ਸਕਦਾ ਹੈ । ਲੁਧਿਆਣਾ ਵਿਖੇ ਪਿਛਲੇ ਪੰਜ ਸਾਲਾਂ ਵਿੱਚ 1.25 ਕਰੋੜ ਰੁਪਏ ਸਾਲਾਨਾ ਆਉਂਦਾ ਸੀ। ਜੀ.ਐਸ.ਟੀ. ਪਾ ਕੇ 32.75 ਕਰੋੜ ਰੁਪਏ ਹੁਣ ਉਥੇ ਸਾਲਾਨਾ ਆ ਰਿਹਾ ਹੈ । ਇਸੇ ਤਰ੍ਹਾ ਫਗਵਾੜਾ ਵਿੱਚ ਛੇ ਗੁਣਾ ਵੱਧ ਰੇਟ ਆਇਆ ਹੈ। ਪਠਾਨਕੋਟ ਵੀ ਇਸੇ ਤਰ੍ਹਾ ਆਇਆ ਹੈ । ਜੇਕਰ ਇਹ ਰਿਜਰਵ ਪ੍ਰਾਈਸ ਵਧਾਉਣਾ ਹੈ ਤਾਂ ਕਮੇਟੀ ਲਿਖ ਕੇ ਦੇ ਦਵੇ ਅਤੇ ਹਾਊਸ ਪਾਸ ਕਰ ਦੇਵੇ ਪਰ ਜੇਕਰ ਟੈਂਡਰ ਨਹੀਂ ਆਇਆ ਤਾਂ ਜਿੰਮੇਵਾਰੀ ਕਮੇਟੀ ਅਤੇ ਹਾਊਸ ਦੀ ਹੋਵੇਗੀ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਨੇ ਕਿਹਾ ਕਿ ਇਹ ਟੈਂਡਰ ਰੱਦ ਕਰਨਾ ਚਾਹੀਦਾ ਹੈ । ਨਗਰ ਨਿਗਮ ਦੇ ਹਿੱਤ ਵਿਚ ਨਹੀਂ ਹੈ । ਹਾਊਸ ਤੋਂ ਉਪਰ ਕੋਈ ਨਹੀਂ, ਕਮੇਟੀ ਨੇ ਸਹੀ ਕੀਤਾ ਹੈ ।

ਸ੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ ਨੇ ਕਿਹਾ ਕਿ ਇੱਕ ਮਹੀਨੇ ਦਾ ਟਾਈਮ ਤਾਂ ਮੰਗਿਆ ਜਾ ਰਿਹਾ ਹੈ ਤਾਂ ਜ਼ੋ ਠੇਕੇਦਾਰ ਸਟੇਅ ਲੈ ਲਵੇ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਕਿਹਾ ਕਿ ਮੇਅਰ ਸਾਹਿਬ ਤੁਹਾਨੂੰ ਪਾਵਰ ਦਿੰਦੇ ਹਾਂ ਤੁਸੀਂ ਆਪਣੇ ਪੱਧਰ ਤੇ ਕਾਰਵਾਈ ਕਰੋ ।

ਮੇਅਰ ਜੀ ਨੇ ਕਿਹਾ ਕਿ ਜਿਵੇਂ ਕਿ ਕਮਿਸ਼ਨਰ ਜੀ ਕਹਿ ਰਹੇ ਹਨ ਇੱਕ ਮਹੀਨੇ ਦਾ ਟਾਈਮ ਦੇ ਦੇਣਾ ਚਾਹੀਦਾ ਹੈ।

ਇਸ ਤੇ ਸਰਵਸ੍ਰੀ ਨੀਰਜਾ ਜੈਨ, ਅੰਜਲੀ, ਜ਼ਸਪਾਲ ਕੌਰ ਭਾਟੀਆ, ਰੀਟਾ ਸ਼ਰਮਾ, ਸਰਬਜੀਤ ਕੌਰ, ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ ਖੜੇ ਹੋ ਕੇ ਕਹਿਣ ਲੱਗੇ ਕਿ ਟੈਂਡਰ ਰੱਦ ਕੀਤਾ ਜਾਵੇ । ਕੌਂਸਲਰਾਂ ਤੇ ਬਲੇਮ ਲਗਾਏ ਜਾ ਰਹੇ ਹਨ ਅਤੇ ਫੁੱਟਾਂ ਪੁਆਈਆਂ ਜਾ ਰਹੀਆਂ ਹਨ ।

ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਨੇ ਸਮੂਹ ਹਾਊਸ ਨੂੰ ਖੜੇ ਹੋ ਕੇ ਇਸ ਟੈਂਡਰ ਨੂੰ ਰੱਦ ਕਰਨ ਲਈ ਕਿਹਾ ਤਾਂ ਸਮੂਹ ਹਾਜ਼ਰ ਮੈਂਬਰ ਖੜੇ ਹੋ ਗਏ ਅਤੇ ਮੰਗ ਕਰਨ ਲੱਗ ਪਏ ਕਿ ਟੈਂਡਰ ਰੱਦ ਕੀਤਾ ਜਾਵੇ।

ਸ੍ਰੀ ਦਵਿੰਦਰ ਸਿੰਘ ਰੋਨੀ, ਕੌਂਸਲਰ ਨੇ ਕਿਹਾ ਕਿ ਕੀ ਮੇਅਰ ਸਾਹਿਬ ਤੁਸੀਂ ਅਫ਼ਸਰਾਂ ਨੂੰ ਬਚਾਉਣਾ ਚਾਹੁੰਦੇ ਹੋ । ਕਿਉਂ ਵੇਟ ਕਰਨੀ ਹੈ । ਕੀ ਪਰਾਬਲਮ ਆ ਰਹੀ ਹੈ ।

ਮੇਅਰ ਜੀ ਨੇ ਕਿਹਾ ਕਿ ਦਫ਼ਤਰੀ ਰਿਪੋਰਟ ਲੈ ਲਈਏ ਪ੍ਰੰਤੂ ਸਾਰਾ ਹਾਊਸ ਖੜਾ ਹੋ ਕੇ ਇਹੋ ਮੰਗ ਕਰਨ ਲੱਗ ਪਿਆ ਕਿ ਟੈਂਡਰ ਰੱਦ ਕੀਤਾ ਜਾਵੇ ।

ਮੇਅਰ ਜੀ ਨੇ ਕਿਹਾ ਕਿ ਸਾਰਾ ਹਾਊਸ ਸਹਿਮਤ ਹੈ ਕਿ ਲੋਕਾਂ ਦੀ ਜਾਨ ਮਾਲ ਦਾ ਸਵਾਲ ਹੈ ਅਤੇ ਨਗਰ ਨਿਗਮ ਨੂੰ ਵਿੱਤ ਨੁਕਸਾਨ ਦਾ ਸਵਾਲ ਹੈ ਅਤੇ ਅਧਿਕਾਰੀਆਂ ਵਲੋਂ ਸਪਸ਼ਟੀਕਰਨ ਨਹੀਂ ਦਿੱਤਾ ਗਿਆ ।

ਕਮਿਸ਼ਨਰ ਜੀ ਨੇ ਫਿਰ ਕਿਹਾ ਕਿ ਜਿਵੇਂ ਕਿ ਤੁਹਾਨੂੰ ਪਤਾ ਹੈ ਕਿ ਮਾਨਯੋਗ ਮੁੱਖ ਮੰਤਰੀ ਜੀ ਦੇ ਫੰਕਸ਼ਨ ਕਰਕੇ ਇਹ ਮੀਟਿੰਗ ਪੋਸਟਪੋਨ ਕਰਨ ਲਈ ਬੇਨਤੀ ਕੀਤੀ ਸੀ ਤਾਂ ਜ਼ੋ ਤੁਹਾਨੂੰ ਜਵਾਬ ਦਿੱਤਾ ਜਾ ਸਕੇ ।ਪ੍ਰੰਤੂ ਹਾਊਸ ਵਿੱਚ ਰੋਲਾ ਪੈਂਦਾ ਰਿਹਾ ਕਿ ਟੈਂਡਰ ਰੱਦ ਕੀਤਾ ਜਾਵੇ ।

ਇਸ ਉਪਰੰਤ ਕਮਿਸ਼ਨਰ ਜੀ ਚਲੇ ਗਏ ।

ਸ੍ਰੀ ਸੁਸ਼ੀਲ ਕੁਮਾਰ ਕੌਂਸਲਰ ਨੇ ਕਿਹਾ ਕਿ ਤਿੰਨ ਵਿਭਾਗ ਇੱਕੋ ਸੁਪਰਡੰਟ ਕੋਲ ਹਨ । ਕੀ ਕੋਈ ਹੋਰ ਕੰਪੀਟੈਂਟ ਅਧਿਕਾਰੀ ਨਹੀਂ ਹੈ । ਤਹਿਬਜ਼ਾਰੀ, ਐਡਵਰਟਾਈਜ਼ਮੈਂਟ ਅਤੇ ਵਰਕਸ਼ਾਪ ਸ੍ਰੀ ਮਨਦੀਪ ਸਿੰਘ, ਸੁਪਰਡੰਟ ਕੋਲ ਹਨ, ਇਹਨਾਂ ਵਿਭਾਗਾਂ ਨੂੰ ਹੋਰ ਅਧਿਕਾਰੀਆਂ ਵਿੱਚ ਵੰਡਿਆ ਜਾਵੇ ।

ਵਿਚਾਰ ਵਟਾਂਦਰੇ ਦੌਰਾਣ ਵੱਖ ਵੱਖ ਕੌਂਸਲਰਾਂ ਵਲੋਂ ਉਕਤ ਇਕਰਾਰਨਾਮੇ ਦੀ ਪੜਤਾਲ ਕਰਨ ਲਈ ਬਣੀਆਂ ਦਫ਼ਤਰੀ ਪੜਤਾਲ ਕਮੇਟੀਆਂ ਦੀ ਰਿਪੋਰਟ ਦੇ ਤੱਥ ਪੇਸ਼ ਕੀਤੇ ਗਏ। ਵਿਚਾਰ ਉਪਰੰਤ ਚਾਰ ਮੁੱਖ ਅਧਾਰਾਂ ਤੇ ਹਾਊਸ ਵਲੋਂ ਸਰਵਸੰਮਤੀ ਨਾਲ ਫੈਸਲਾ ਕੀਤਾ ਜਾਂਦਾ ਹੈ ਕਿ :

1. ਫੈਸਲਾ ਕੀਤਾ ਜਾਂਦਾ ਹੈ ਕਿ ਇਸ ਕੇਸ ਵਿੱਚ ਇਕਰਾਰਨਾਮੇ ਦੀ ਸ਼ਰਤ ਨੰ: 36 ਲਾਗੂ ਕਰਣ ਲਈ ਕਾਫੀ ਹੈ। ਸ਼ਰਤ ਨੰ: 36 ਦੇ ਮੁਤਾਬਕ ਜੇਕਰ ਠੇਕੇਦਾਰ ਵਲੋਂ ਵੱਡੀ ਉਲੰਘਣਾ ਕੀਤੀ ਜਾਂਦੀ ਹੈ ਤੇ ਉਸ ਨਾਲ ਇਕਰਾਰਨਾਮਾ ਪਹਿਲੇ ਮੌਕੇ ਹੀ ਰੱਦ ਕਰ ਦਿੱਤਾ ਜਾਵੇਗਾ ।ਮੈਸਰਜ਼ ਕ੍ਰਿਏਟਿਵ ਡਿਜ਼ਾਈਨਰਜ਼ ਜਲੰਧਰ ਵਲੋ ਕੀਤੀਆਂ ਗਈਆਂ ਹੇਠ ਲਿਖੀਆਂ ਉਨਤਾਈਆਂ ਕਾਰਨ ਇਹ ਟੈਂਡਰ ਤੁਰੰਤ ਰੂਪ ਵਿੱਚ ਰੱਦ ਕੀਤਾ ਜਾਂਦਾ ਹੈ :

(ੳ) ਸ਼ਹਿਰ ਵਾਸੀਆਂ ਦੀ ਜਾਨ-ਮਾਲ ਨੂੰ ਖਤਰਾ ਬਣੇ ਬੋਰਡ ਢਾਂਚੇ ਜ਼ੋ ਟੈਂਡਰ ਸ਼ਰਤਾਂ ਦੇ ਵਿਰੁੱਧ ਜਾ ਕੇ ਬਣਾਏ/ਲਗਾਏ ਗਏ ਹਨ।

(ਅ) ਠੱਗੀ ਅਤੇ ਫਰਾਡ ਨਾਲ ਤਿਆਰ ਕੀਤੇ ਠੇਕੇਦਾਰ ਦੀ ਮਨਮਰਜ਼ੀ ਮੁਤਾਬਕ ਇਕਰਾਰਨਾਮਾ।

(ੲ) ਤੈਅ-ਸ਼ੁਦਾ ਮਾਪ/ਸਾਈਜ਼ ਤੋਂ ਵੱਡਾ ਕਰਕੇ ਲੱਗੇ ਬੋਰਡਾ ਰਾਹੀਂ ਕੀਤੀ ਗਈ ਟੈਕਸ/ਫੀਸ ਚੋਰੀ ਵੱਜੋ ਨਗਰ ਨਿਗਮ ਨੂੰ ਹੋਏ ਵਿੱਤੀ ਨੁਕਸਾਨ ਅਤੇ

(ਸ) ਐਡਵਰਟਾਈਜ਼ਮੈਂਟ ਬਾਈਲਾਜ਼ ਦੀ ਉਲੰਘਣਾ।

ਬੋਰਡ ਨਿਰਧਾਰਿਤ ਥਾਵਾਂ ਤੇ ਨਾ ਲਗਾਉਣ ਦਾ ਵਿਸ਼ਾ ਮਾਣਯੋਗ ਅਦਾਲਤ ਵਿੱਚ ਵਿਚਾਰਣ ਲਈ ਲੰਬਿਤ ਹੈ ਜਿਸ ਨੂੰ ਇਸ ਫੈਸਲੇ ਦਾ ਅਧਾਰ ਨਹੀਂ ਬਣਾਇਆ ਜਾਂਦਾ ਹੈ।

ਇਸ ਲਈ ਕਮਿਸ਼ਨਰ ਨਗਰ ਨਿਗਮ ਟੈਂਡਰ ਰੱਦ ਕਰਨ ਬਾਰੇ ਤੁਰੰਤ ਲੋੜੀਂਦੀ ਕਾਰਵਾਈ ਕਰਕੇ ਹਾਊਸ ਦੀ ਜਾਣਕਾਰੀ ਲਈ ਮੇਅਰ ਜੀ ਨੂੰ ਲਿਖਤੀ ਰੂਪ ਵਿੱਚ ਸੂਚਨਾਂ ਭੇਜਣ।

2. ਇਕਰਾਰਨਾਮੇ ਵਿੱਚ ਹੋਈ ਰੱਦੋ ਬਦਲ ਅਤੇ ਬਾਕੀ ਊਨਤਾਈਆਂ ਲਈ ਜਿਨ੍ਹਾਂ ਵਿੱਚ ਸਬੰਧਤ ਕਰਮਚਾਰੀਆਂ ਦੀ ਮਿਲੀਭੁਗਤ ਹੈ, ਉਨ੍ਹਾਂ ਦੇ ਵਿਰੁੱਧ ਅਨੁਸ਼ਾਸਕੀ ਕਾਰਵਾਈ ਆਰੰਭੀ ਜਾਵੇ। ਕਮਿਸ਼ਨਰ ਜੀ ਉਨ੍ਹਾਂ ਕਰਮਚਾਰੀਆਂ ਲਈ ਜਿਨ੍ਹਾਂ ਲਈ ਉਹ ਅਧਿਕਾਰਿਤ ਹਨ ਇੱਕ ਹਫਤੇ ਦੇ ਅੰਦਰ ਅੰਦਰ ਸ਼ੋ-ਕਾਜ਼ ਨੋਟਿਸ ਜਾਰੀ ਕਰਨ ਅਤੇ ਜਿਹੜੇ ਅਧਿਕਾਰੀਆਂ ਵਿਰੁੱਧ ਕਾਰਵਾਈ ਸਰਕਾਰ ਪੱਧਰ ਤੇ ਕਰਨੀ ਬਣਦੀ ਹੈ ਉਨ੍ਹਾਂ ਦੇ ਸ਼ੋ-ਕਾਜ਼ ਨੋਟਿਸ ਦਾ ਖਰੜਾ ਸਰਕਾਰ ਨੂੰ ਇੱਕ ਹਫ਼ਤੇ ਦੇ ਅੰਦਰ-ਅੰਦਰ ਭੇਜਿਆ ਜਾਵੇ।

3. ਜਿਹੜੇ ਕਰਮਚਾਰੀ ਦਫ਼ਤਰੀ ਹਦਾਇਤਾਂ ਦੀ ਪਾਲਣਾ ਨਾ ਕਰਦੇ ਹੋਏ ਅੱਜ ਦੀ ਮੀਟਿੰਗ ਵਿੱਚ ਹਾਜ਼ਰ ਨਹੀਂ ਹੋਏ ਉਨ੍ਹਾਂ ਦੇ ਵਿਰੁੱਧ ਵੀ ਕਮਿਸ਼ਨਰ ਜੀ ਅਨੁਸ਼ਾਸਕੀ ਕਾਰਵਾਈ ਕਰਨ ਲਈ ਇੱਕ ਹਫ਼ਤੇ ਦੇ ਅੰਦਰ ਸ਼ੋ-ਕਾਜ਼ ਨੋਟਿਸ ਜਾਰੀ ਕਰਨ। ਜਿਹੜੇ ਅਧਿਕਾਰੀਆਂ ਦੇ ਵਿਰੁੱਧ ਅਨੁਸ਼ਾਸਕੀ ਕਾਰਵਾਈ ਸਰਕਾਰ ਪੱਧਰ ਤੇ ਕੀਤੀ ਜਾਣੀ ਹੈ ਉਨ੍ਹਾਂ ਦੇ ਸ਼ੋ-ਕਾਜ਼ ਨੋਟਿਸ ਦਾ ਖ਼ਰੜਾ ਇੱਕ ਹਫ਼ਤੇ ਦੇ ਅੰਦਰ ਸਰਕਾਰ ਨੂੰ ਭੇਜਿਆ ਜਾਵੇ ।

4. ਸ੍ਰੀ ਸੁਸ਼ੀਲ ਕੁਮਾਰ ਅਤੇ ਹੋਰ ਕੋਂਸਲਰਾਂ ਦੀ ਮੰਗ ਅਨੁਸਾਰ ਸ੍ਰੀ ਮਨਦੀਪ ਸਿੰਘ ਸੁਪਰਡੰਟ ਪਾਸੋਂ ਦੋ ਮਹਕਮਿਆਂ ਦਾ ਚਾਰਜ ਵਾਪਸ ਲੈ ਕੇ ਸਿਰਫ ਇੱਕ ਮਹਿਕਮੇ ਦਾ ਸੁਪਰਡੰਟ ਦਾ ਚਾਰਜ ਦਿੱਤਾ ਜਾਵੇ।

5. ਇਹ ਵੀ ਫੈਸਲਾ ਹੋਇਆ ਕਿ ਕਮਿਸ਼ਨਰ ਜੀ ਵਲੋਂ ਕੀਤੀ ਗਈ ਕਾਰਵਾਈ ਅਤੇ ਉਸ ਦੀ ਤਾਜ਼ਾ ਸਥਿਤੀ ਦੀ ਰਿਪੋਰਟ ਅਗਲੇ ਮਹੀਨੇ ਹੋਣ ਵਾਲੀ ਹਾਊਸ ਦੀ ਮੀਟਿੰਗ ਵਿੱਚ ਰੱਖੀ ਜਾਵੇ ।

ਸਹੀ/-
ਜਗਦੀਸ਼ ਰਾਜ ਰਾਜਾ,ਮੇਅਰ
19.2.2021